ਸਤੰਬਰ 1986
ਮੁੱਲ--ਦੋ ਰੁਪਏ
76

## ਇਸ ਅੰਕ ਵਿਚ

o ਗੁਰਸ਼ਰਨ ਸਿੰਘ ਦੀ ਪੰਜਾਬ ਮਸਲੇ ਬਾਰੇ ਦੇਸ਼ ਦੇ ਵੱਖ ਵੱਖ ਹਿਸਿਆਂ ਤੋਂ ਆਏ ਪਤਰਕਾਰਾਂ ਅਤੇ ਸਮਾਜ ਸੇਵਕਾਂ ਨਾਲ ਇਕ ਮੁਲਾਕਾਤ :

ਪੰਜਾਬ ਮਸਲੇ ਤੇ ਇਕ ਗੋਲਮੇਜ਼ ਕਾਨਫਰੰਸ ਬੁਲਾਈ ਜਾਣੀ ਜ਼ਰੂਰੀ ਹੈ । ਇਸ ਵਿਚ ਹੇਠ ਲਿਖੀਆਂ ਧਿਰਾਂ ਸ਼ਾਮਲ ਕੀਤੀਆਂ ਜਾਣ :

- ਕੇਂਦਰੀ ਸਰਕਾਰ
- ਪੰਜਾਬ ਦੀਆਂ ਸਾਰੀਆਂ ਸਿੱਖ ਧਿਰਾਂ
- ਪੰਜਾਬ ਦੇ ਹਿੰਦੂਆਂ ਦੀਆਂ ਵੱਖ ਵੱਖ ਧਿਰਾਂ
- ਪੰਜਾਬ ਦੀਆਂ ਖੱਬੀਆਂ ਪਾਰਟੀਆਂ ਦੇ ਨੁਮਾਇੰਦੇ
- ਪੰਜਾਬ ਤੋਂ ਬਾਹਰ ਰਹਿ ਰਹੇ ਸਿੱਖਾਂ ਦੇ ਨੁਮਾਇੰਦੇ
- ਹਰਿਆਨਾ ਦੇ ਸਰਕਾਰੀ ਅਤੇ ਵਿਰੋਧੀ ਦਲ
- ਕੇਂਦਰੀ ਸਰਕਾਰ ਦੇ ਨੁਮਾਇੰਦੇ
- ਦੇਸ਼ ਦੀਆਂ ਵਿਰੋਧੀ ਪਾਰਟੀਆਂ ਦੇ ਨੁਮਾਇੰਦੇ
- ਜਮਹੂਰੀ ਨਿਰਪੱਖ ਸੋਚ ਵਾਲੇ ਵਿਅਕਤੀ

ਸਰਵਪੱਖੀ ਹਲ ਤਾਂ ਹੀ ਹੋ ਸਕੇਗਾ ਜੇਕਰ ਇਹ ਕਾਨਫਰੰਸ ਲੋਕਾਂ ਨੂੰ ਵਿਸ਼ਵਾਸ ਵਿਚ ਲੈ ਕੇ ਕੀਤੀ ਜਾਏ ਅਤੇ ਅੱਧੀ ਰਾਤ ਵਾਲੀ ਗੱਲਬਾਤ ਦੇ ਸਾਜ਼ਸ਼ੀ ਤਰੀਕੇ ਨਾ ਅਪਣਾਏ ਜਾਣ ।

ਇਨਕਲਾਬੀ ਕੇਂਦਰ ਪੰਜਾਬ ਲਈ ਇਕ ਵੱਡਾ ਹੁੰਗਾਰਾ । ਇਨਕਲਾਬੀ ਕੈਡਰ ਵਲੋਂ ਕੁਝ ਚਿੱਠੀਆਂ

## ਸੰਪਾਦਕੀ—ਸਿੱਖ ਕੀ ਕਰਨ ? (ਲੁਧਿਆਣਾ ਵਿਚ 30 ਅਗਸਤ ਹੋ ਰਹੇ ਸਿਖ ਸੰਮੇਲਨ ਦੇ ਨਾਂ)

ਇਸ ਵਿਸ਼ੇ ਉਤੇ ਸਿੱਖ ਬੁਧੀਜੀਵਾਂ ਵਿਚ ਕਾਫੀ ਬਹਿਸ ਚੱਲ ਰਹੀ ਹੈ। ਇੱਕੋ ਅਗਸਤ ਦੇ ਮਹੀਨੇ ਵੱਖਰੇ ਵੱਖਰੇ ਫੋਰਮਾਂ ਵਲੋਂ ਇਸ ਵਿਸ਼ੇ ਉਤੇ ਤਿੰਨ ਕਨਵੈਨਸ਼ਨਾਂ ਹੋ ਚੁੱਕੀਆਂ ਹਨ। ਬੜੀਆਂ ਕੁਰਬਾਨੀਆਂ ਤੇ ਬੜੇ ਨੁਕਸਾਨਾਂ ਬਾਅਦ 29 ਸਤੰਬਰ 1985 ਵਿਚ ਬਰਨਾਲਾ ਵਜ਼ਾਰਤ ਬਣੀ। ਇਹ ਹਰ ਲਿਹਾਜ਼ ਨਾਲ ਇਕ ਪੰਥਕ ਵਜ਼ਾਰਤ ਸੀ। ਬਾਦਲ ਟੌਹੜਾ ਭਾਵੇਂ ਵਿਚ ਸ਼ਾਮਲ ਨਾ ਹੋਏ ਪਰ ਇਸ ਵਜ਼ਾਰਤ ਨੂੰ ਉਹਨਾਂ ਦੀ ਪੂਰੀ ਹਮੈਤ ਸੀ। ਬਾਦਲ ਨੇਂ ਅਕਾਲੀ ਦਲ ਦੇ ਅਸੈਂਬਲੀ ਮੈਂਬਰਾਂ ਦੀ ਮੀਟਿੰਗ ਵਿਚ ਵਜ਼ਾਰਤ ਨਾਲ ਪੂਰੀ ਸਹਿਮਤੀ ਦਰਸਾਈ ਸੀ। ਹਾਲੀਂ ਸਾਲ ਮੁੱਕਿਆ ਨਹੀਂ ਇਸ ਵਜ਼ਾਰਤ ਦਾ ਜਾਂ ਅਕਾਲੀ ਦਲ ਦਾ ਜੋ ਹਸ਼ਰ ਹੋਇਆ ਹੈ, ਉਹ ਸਾਰਿਆਂ ਦੇ ਸਾਹਮਣੇ ਹੈ। ਦੋਸ਼ ਕਦੀ ਬਰਨਾਲੇ ਉਤੇ ਲਗਦਾ ਹੈ ਕਿ ਉਹ ਕੇਂਦਰ ਦਾ ਚਮਚਾ ਹੈ ਅਤੇ ਕਦੀ ਬਾਦਲ ਤੇ ਲਗਦਾ ਹੈ ਕਿ ਉਹ ਚੀਫ ਮਨਿਸਟਰੀ ਦੇ ਲਾਲਚ ਪਿੱਛੇ ਅਕਾਲੀ ਵਜ਼ਾਰਤ ਨੂੰ ਤੋੜਨਾ ਚਾਹੁੰਦਾ ਹੈ। ਹੁਣ ਸਚਾਈ ਇਹ ਹੈ ਕਿ ਇਹ ਵਜ਼ਾਰਤ ਪੂਰੀ ਤਰ੍ਹਾਂ ਕੇਂਦਰ ਦੇ ਰਹਿਮੋ ਕਰਮ ਤੇ ਹੈ। ਜਦੋਂ ਮਰਜ਼ੀ ਕੰਨੋ ਪਕੜਕੇ ਉਹ ਬਰਨਾਲੇ ਨੂੰ ਹਟਾ ਦੇਣ ਪੰਜਾਬ ਵਿਚ ਉਹਦੀ ਹਮਦਰਦੀ ਵਿਚ ਇਕ ਪੱਤਾ ਵੀ ਨਹੀਂ ਹਿਲੇਗਾ। ਪੱਤਾ ਹਿਲੇਗਾ ਵੀ ਕਿਉਂ ? ਇਕੋ ਮੁਲਾਜ਼ਮਾਂ ਦੀ ਬਦਲੀ ਦੇ ਮਾਮਲੇ ਵਿਚ ਇਸ ਵਜ਼ਾਰਤ ਨੇ ਭ੍ਰਿਸ਼ਟਾਚਾਰ ਦੇ ਨਵੇਂ ਰੀਕਾਰਡ ਕਾਇਮ ਕਰ ਦਿਤੇ ਹਨ। ਸਿਖ ਅਵਾਮ ਵਿਚ ਤੇ ਸਿਖ ਬੁਧੀਜੀਵਾਂ ਵਿਚ ਕੁਦਰਤੀ ਇਹ ਸਵਾਲ ਉਠਦਾ ਹੈ ਕਿ ਏਨੀ ਗਿਣਤੀ ਵਿਚ ਆਪਦੇ ਮੈਂਬਰ ਜਿੱਤਾ ਕੇ ਵੀ ਜੇਕਰ ਸਿਖਾਂ ਦੀ ਨੁਮਾਇੰਦਾ ਪਾਰਟੀ ਦੀ ਵਜ਼ਾਰਤ ਨਹੀਂ ਚਲਦੀ ਤਾਂ ਅਗੋਂ ਭਵਿਖ ਵਿਚ ਕੀ

ਗਰੰਟੀ ਹੈ ਕਿ ਕੁਝ ਹੋ ਸਕੇਗਾ ? ਇਸ ਦਾ ਜਵਾਬ ਲਭਦਿਆਂ ਸਿਖ (ਜੋ ਸਿਰਫ ਸਿਖੀ ਦੀ ਹੀ ਸਿਆਸਤ ਨੂੰ ਈਮਾਨੋਂ ਸਮਝਦੇ ਹਨ) ਕਦੀ ਰੋਹ ਵਿਚ ਆਂਦੇ ਹਨ ਤੇ ਕਦੀ ਮਾਯੂਸੀ ਵਿਚ ਚਲੇ ਜਾਂਦੇ ਹਨ। ਇਸ ਰੋਹ ਤੇ ਮਾਯੂਸੀ ਵਿਚੋਂ ਹੀ ਵਾਰ ਵਾਰ ਸਵਾਲ ਉਠ ਰਿਹਾ ਹੈ 'ਸਿਖ ਕੀ ਕਰਨ ?' ਇਹਦਾ ਦੋ ਟੁੱਕ ਜਵਾਬ ਤਾਂ ਇਹ ਹੋ ਸਕਦਾ ਹੈ ਕਿ ਸਿਖ **ਧਰਮ ਅਧਾਰਤ ਪਿਛਾਖੜ ਸਿਆਸਤ ਤੋਂ ਛੁਟਕਾਰਾ ਪਾਉਣ। ਵੀਹਵੀਂ ਸਦੀ ਦੀਆਂ ਉਹਨਾਂ ਸਿਆਸ਼ੀ ਕਦਰਾਂ ਕੀਮਤਾਂ ਨੂੰ ਅਪਨਾਉਣ ਜੋ ਆਰਥਕ ਆਧਾਰਾਂ ਤੇ ਕਾਇਮ ਕੀਤੇ ਸਮਾਜਾਂ ਦੀ ਟੱਕਰ ਵਿਚੋਂ ਲਗਾਤਾਰ ਵਿਕਾਸ ਕਰ ਰਹੀਆਂ ਹਨ ਤੇ ਮਨੁੱਖਤਾ ਲਈ ਨਵੇਂ ਵਿਸ਼ਵ ਸਭਿਆਚਾਰ ਦੇ ਨਕਸ਼ ਉਲੀਕ ਰਹੀਆਂ ਹਨ।** ਇਸ ਵਿਸ਼ਵ ਸਭਿਆਚਾਰਾਂ ਵਿਚ ਧਰਮ ਇਕ ਨਿੱਜੀ ਵਿਸ਼ਵਾਸ ਦੇ ਰੂਪ ਵਿਚ ਹੀ ਸਮਾਜ ਵਿਚ ਕਾਇਮ ਰਹਿ ਸਕੇਗਾ। ਇਹਦੀਆਂ ਨਾ-ਪੱਖੀ ਕੀਮਤਾਂ ਨੂੰ ਛੱਡ ਦਿਤਾ ਜਾਏਗਾ ਅਤੇ ਹਾਂ-ਪੱਖੀ ਕੀਮਤਾਂ ਨੂੰ ਸਮਾਜ ਦੇ ਆਦਰਸ਼ਾਂ ਵਿਚ ਸਮੋ ਲਿਆ ਜਾਏਗਾ। ਸਵਾਲ ਉਠਦਾ ਹੈ ਕਿ ਕੀ ਸਿਖ ਇਹ ਕਰ ਸਕਣਗੇ ? ਇਸ ਵਿਚ ਸ਼ੱਕ ਨਹੀਂ ਕਿ ਸਿਖ ਕਮਿਊਨਿਟੀ ਨੇ ਆਪੋਣੀ ਰੋਜ਼ ਦੀ ਜ਼ਿੰਦਗੀ ਵਿਚ ਇਸ ਸਚਾਈ ਨੂੰ ਅਚੇਤ ਤੌਰ ਤੇ ਸਮੋ ਲਿਆ ਹੈ। ਭਾਰਤ ਦੀਆਂ ਦੂਜੀਆਂ ਕਮਿਊਨਿਟੀਆਂ ਦੇ ਮੁਕਾਬਲੇ ਵਿਚ ਸਿਖਾਂ ਨੇ ਸਾਇੰਸ ਅਤੇ ਟੈਕਨੋਲੋਜੀ ਨੂੰ ਆਪਣੀ ਜ਼ਿੰਦਗੀ ਵਿਚ ਸਭ ਤੋਂ ਵੱਧ ਅਪਣਾਇਆ ਹੈ। ਬਾਕੀ ਭਾਰਤ ਦੇ ਪਿੰਡਾਂ ਦੇ ਮੁਕਾਬਲੇ ਵਿਚ ਪੰਜਾਬ ਦੇ ਪਿੰਡਾਂ ਦੀ ਖੇਤੀ ਅਤੇ ਆਮ ਜ਼ਿੰਦਗੀ ਇਹਦੀਆਂ ਮਿਸਾਲਾਂ ਹਨ। ਫੇਰ ਇਸ ਪਿਛਾਖੜ ਸਿਆਸਤ ਦੇ ਨਾ ਛੱਡਣ ਦਾ ਕੀ ਕਾਰਨ ਹੈ ? ਮੈਂ ਸਮਝਦਾ ਹਾਂ ਇਸ ਦਾ ਇਕੋ ਕਾਰਨ ਇਕ **ਸ਼ਾਵਨਵਾਦੀ ਭੂਤ ਹੈ** ਜੋ ਸਿਖ ਮਾਨਸਕਤਾ ਨੂੰ ਚਮੜਿਆ ਹੋਇਆ ਹੈ—**ਅਸੀਂ ਖਾਸ ਬੰਦੇ ਹਾਂ। ਅਸੀਂ ਮਰਨੇ ਮਾਰਨੇ ਤੋਂ ਨਹੀਂ ਡਰਦੇ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਸੀ ਕਿ ਉਹ ਜ਼ੁਲਮ ਦੇ ਖਿਲਾਫ ਲੜੇ** (ਇਤਿਹਾਸਕ ਤਥਾਂ ਵਿਚ ਹੋਰ ਡੂੰਘਾ ਜਾਣ ਦੀ ਸਾਨੂੰ ਲੋੜ ਨਹੀਂ) **ਸਾਡੀ ਵੱਖਰੀ ਪਹਿਚਾਣ ਹੈ** (ਦੂਜੇ ਤਾਂ ਨਹੀਂ ਕਹਿੰਦੇ ਕਿ ਤੁਸੀਂ ਆਪਣਾ ਸਿਖੀ ਸਰੂਪ ਬਦਲ ਲਵੋ, ਜੇ ਸਿਖ ਨੌਜਵਾਨ ਜਾਂ ਸਿਖ ਕਿਸਾਨ ਇਹ ਸਰੂਪ ਬਦਲਦੇ ਹਨ ਤਾਂ ਦੂਜਿਆਂ ਉਤੇ ਦੋਸ਼ ਕਿਉਂ ?) **ਹਿੰਦੂ ਸਾਨੂੰ ਗੁਲਾਮ ਰਖਣਾ ਚਾਹੁੰਦੇ ਹਨ** (ਆਪਦੇ ਆਲੇ ਦੁਆਲੇ ਨਜ਼ਰ ਮਾਰ ਲਵੋ ਕਿ ਤੁਸੀਂ ਕਿੰਨੇ ਕੁ ਗੁਲਾਮ ਹੋ ?) **ਅਸੀਂ ਬੜੇ ਮੇਹਨਤੀ ਹਾਂ** (ਨਾ ਭੁਲੋ ਤੁਹਾਡੇ ਵਿਚ ਜੇਕਰ ਮੇਹਨਤੀ ਵੀ ਹਨ ਤੇ ਆਲਸੀ ਅਤੇ ਨਸ਼ੱਈ ਵੀ ਹਨ। ਆਪਣੇ ਆਲੇ ਦੁਆਲੇ ਜਾਂ ਆਪਣੇ ਖੇਤਾਂ ਵਿਚ ਕੰਮ ਕਰ ਰਹੇ ਯੂ.ਪੀ. ਅਤੇ ਬਿਹਾਰ ਦੇ ਮਜ਼ਦੂਰਾਂ ਨੂੰ ਵੀ ਵੇਖੋ। ਕੀ ਉਹ ਮੇਹਨਤੀ ਨਹੀਂ ਹਨ ?)।...ਤੇ ਹੋਰ ਵੀ ਕਈ ਮਿਸਾਲਾਂ ਇਸ ਸ਼ਾਵਨਵਾਦੀ ਭੂਤ ਦੀਆਂ ਦਿਤੀਆਂ ਜਾ ਸਕਦੀਆਂ ਹਨ। ਇਸ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ ਅਜ ਸਿਖ ਮਾਨਸਕਤਾ ਜ਼ਖਮੀ ਹੈ। ਦੂਜਿਆਂ ਉਤੇ ਇਲਜ਼ਾਮ ਦੇਣ ਤੋਂ ਪਹਿਲਾਂ ਇਹ ਦੇਖ ਲੈਣਾ ਜ਼ਰੂਰੀ ਹੈ ਕਿ ਇਹਨਾਂ ਜ਼ਖਮਾਂ ਦੀ ਆਪਦੇ ਉਤੇ ਕਿੰਨੀ ਕੁ ਜ਼ਿੰਮੇਵਾਰੀ ਹੈ ? ਸਵੈਮਾਨ ਨਾਲ ਜੀਣ ਦਾ ਹੱਕ ਅੱਜ ਦੀ ਦੁਨੀਆਂ ਵਿਚ ਹਰ ਇਕ ਇਨਸਾਨ ਦਾ ਹੈ। ਭਾਰਤ ਵਿਚ ਸਿਖਾਂ ਦਾ ਵੀ ਹੱਕ ਹੈ। ਪੰਜਾਬ ਵਿਚ ਹਿੰਦੂਆਂ ਦਾ ਵੀ ਹੈ। ਅੱਜ ਦੀ ਦੁਨੀਆਂ ਵਿਚ ਇਨਸਾਨ ਦੇ ਇਸ ਹੱਕ ਲਈ ਸੰਘਰਸ਼ ਵੱਡੇ ਪੈਮਾਨੇ ਤੇ ਚਲ ਰਿਹਾ ਹੈ। ਇਸ ਸੰਘਰਸ਼ ਵਿਚ ਆਪਣੇ ਆਪ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਵਿਸ਼ਵ, ਭਾਰਤ ਅਤੇ ਪੰਜਾਬ ਦੇ ਪੱਧਰ ਤੇ ਇਸ ਜਮਹੂਰੀ ਸੰਘਰਸ਼ ਦਾ ਹਿੱਸਾ ਬਣ ਕੇ ਹੀ ਇਹ ਕੀਤਾ ਜਾ ਸਕਦਾ ਹੈ। ਜੇ ਪੁਛਿਆ ਜਾਏ ਕਿ ਸਿਖ ਕੀ ਕਰਨ ? ਤਾਂ ਇਹਦਾ ਇਕ ਫਿਕਰੇ ਵਿਚ ਜਵਾਬ ਇਹੀ ਹੋਵੇਗਾ ਕਿ **ਸਿਖ ਧਾਰਮਕ ਬੇਸ਼ਕ ਹੋਣ ਪਰ ਧਰਮ ਆਧਾਰਤ ਪਿਛਾਖੜ ਸਿਆਸਤ ਨੂੰ ਤਿਲਾਂਜਲੀ ਦੇਣ ਅਤੇ ਦੇਸ਼ ਦੀ ਜਮਹੂਰੀ ਲਹਿਰ ਵਿਚ ਆਪਣੀ ਯੋਗ ਥਾਂ ਪਾਉਣ।** ਦੇਸ਼ ਦਾ ਸਾਰਾ ਪ੍ਰਬੰਧ ਸਿਰੇ ਤੋਂ ਗਲਤ ਚਲ ਰਿਹਾ ਹੈ। ਸਿਖਾਂ ਨਾਲ ਵਿਤਕਰਾ ਨਹੀਂ ਹੋ ਰਿਹਾ, ਸਗੋਂ ਦੇਸ਼ ਦੇ ਹਰ ਇਕ ਗਰੀਬ ਨਾਲ ਵਿਤਕਰਾ ਹੋ ਰਿਹਾ ਹੈ। ਜਮਹੂਰੀ ਲਹਿਰਾਂ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚੋਂ ਇਸ ਪ੍ਰਬੰਧ ਨੂੰ ਬਦਲਣ ਲਈ ਉਠ ਰਹੀਆਂ ਹਨ। ਉਹਨਾਂ ਵਿਚ ਸਿਖਾਂ ਦਾ ਵੀ ਹਿੱਸਾ ਪਾਉਣਾ ਬਣਦਾ ਹੈ। ਇਥੇ ਇਹ ਯਾਦ ਦਿਵਾਉਣਾ ਮੈਂ ਜ਼ਰੂਰੀ ਸਮਝਦਾ ਹਾਂ ਕਿ ਐਮਰਜੈਂਸੀ ਵਿਚ ਸਿਖਾਂ ਨੇ ਇਸ ਲਾਈਨ ਨੂੰ ਅਪਣਾਇਆ ਸੀ, ਭਾਰਤ ਵਿਚ ਸਿਖਾਂ ਦੀ ਇਕ ਕਮਿਊਨਿਟੀ ਦੇ ਤੌਰ ਤੇ ਇਜ਼ਤ ਵਧੀ ਸੀ ਅਤੇ ਦੁਨੀਆਂ ਵਿਚ ਉਹਨਾਂ ਨੇ ਜੱਸ ਖੱਟਿਆ ਸੀ। ਅੱਜ ਉਸ ਤੋਂ ਵੀ ਅਗੇ ਜਾਣ ਦੀ ਲੋੜ ਹੈ।

—ਗੁਰਸ਼ਰਨ ਸਿੰਘ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ, ਡਾ: ਖਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

## ਗੁਰਸ਼ਰਨ ਸਿੰਘ ਦੀ ਪੰਜਾਬ ਦੇ ਮਸਲੇ ਬਾਰੇ ਇਕ ਇੰਟਰਵੀਊ ਜੋ ਭਾਰਤ ਦੇ ਵੱਖ ਵੱਖ ਹਿਸਿਆਂ ਤੋਂ ਆਏ ਪਤਰਕਾਰਾਂ ਅਤੇ ਸਮਾਜ ਸੇਵਕਾਂ ਨੂੰ ਦਿਤੀ ਗਈ

**? ਅਸੀਂ ਤੁਹਾਡੇ ਬਾਰੇ ਤੁਹਾਡੇ ਨ ਟਕਾਂ ਬਾਰੇ ਦਿੱਲੀ ਤੇ ਚੰਡੀਗੜ੍ਹ ਬਹੁਤ ਕੁਝ ਸੁਣਿਆ ਹੈ, ਪੰਜਾਬ ਦੇ ਮਸਲੇ ਬਾਰੇ ਤੁਹਾਡੇ ਕੋਲੋਂ ਕੁਝ ਸੁਣਨਾ ਚਾਹਾਂਗੇ ।**

– ਮੈਂ ਆਪਣੀ ਗੱਲ ਇਸ ਪੁਜ਼ੀਸ਼ਨ ਤੋਂ ਸ਼ੁਰੂ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਹਿੰਦੂਆਂ ਨੂੰ ਉਸੇ ਤਰ੍ਹਾਂ ਜੀਣ ਦਾ ਹੱਕ ਹੈ, ਜਿਸ ਤਰ੍ਹਾਂ ਬਾਕੀ ਦੇਸ਼ ਵਿਚ ਸਿੱਖਾਂ ਨੂੰ ਹੋਣਾ ਚਾਹੀਦਾ ਹੈ । ਸਿੱਖਾਂ ਦੀ ਹਿਸਟਰੀ ਪੰਜਾਬ ਵਿਚ 500 ਸਾਲ ਪੁਰਾਣੀ ਹੈ ਤਾਂ ਹਿੰਦੂਆਂ ਦੀ ਹਜ਼ਾਰਾਂ ਸਾਲ ਪੁਰਾਣੀ ਹੈ, ਪੰਜਾਬ ਹਿੰਦੂਆਂ ਦੀ ਵੀ ਉਸੇ ਤਰ੍ਹਾਂ ਜਨਮ ਭੂਮੀ ਹੈ, ਜਿਸ ਤਰ੍ਹਾਂ ਸਿੱਖਾਂ ਦੀ ਹੈ । ਇਸ ਤਰ੍ਹਾਂ ਸਮੁੱਚੇ ਦੇਸ਼ ਤੇ ਸਿੱਖਾਂ ਦਾ ਪੂਰਾ ਹੱਕ ਹੈ । ਉਹਨਾਂ ਨੇ ਇਸ ਦੇਸ਼ ਦੀ ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਦਿਤੀਆਂ । ਇਹਦੀ ਆਰਥਕਤਾ ਉਤੇ ਚੁਕਣ ਵਿਚ ਪੂਰਾ ਹਿੱਸਾ ਪਾਇਆ । ਸੋ ਜੋ ਵੀ ਲਹਿਰਾਂ ਜਿਹੜੀਆਂ ਹਿੰਦੂਆਂ ਕੋਲੋਂ ਪੰਜਾਬ ਵਿਚ ਅਤੇ ਸਿੱਖਾਂ ਕੋਲੋਂ ਬਾਕੀ ਹਿੰਦੋਸਤਾਨ ਵਿਚ ਜੀਣ ਦਾ ਹੱਕ ਖੋਹਦੀਆਂ ਹਨ, ਉਹ ਲਹਿਰਾਂ ਗ਼ਲਤ ਹਨ । ਉਹਨਾਂ ਦਾ ਵਿਸ਼ਲੇਸ਼ਣ ਹੋਣਾ ਚਾਹੀਦਾ ਹੈ ਅਤੇ ਇਲਜ਼ਾਮ ਦੀ ਉਂਗਲ ਸਪੱਸ਼ਟ ਤੌਰ ਤੇ ਦੋਸ਼ੀਆਂ ਉਤੇ ਰੱਖਣੀ ਚਾਹੀਦੀ ਹੈ ।

**? ਪੰਜਾਬ ਸੰਕਟ ਦੀ ਜੜ੍ਹ ਤੁਸੀਂ ਕਿਥੇ ਵੇਖਦੇ ਹੋ ?**

– ਸੰਕਟ ਦੇ ਆਰਥਕ ਕਾਰਨ ਤਾਂ ਉਹੀ ਹਨ, ਜੋ ਬਾਕੀ ਦੇਸ਼ ਵਿਚ ਹਨ । ਬੇਰੁਜ਼ਗਾਰੀ ਹੈ, ਭ੍ਰਿਸ਼ਟ ਸਰਕਾਰੀ ਪ੍ਰਬੰਧ ਹੈ, ਅਮੀਰ ਗਰੀਬ ਦਾ ਵੱਧ ਰਿਹਾ ਪਾੜਾ ਹੈ ਅਤੇ ਭ੍ਰਿਸ਼ਟ ਸਿਆਸਤ ਹੈ ਪਰ ਪੰਜਾਬ ਦੇ ਮੌਜੂਦਾ ਸੰਕਟ ਦਾ ਵੱਡਾ ਕਾਰਨ ਧਾਰਮਕ ਮੂਲਵਾਦੀ ਕਦਰਾਂ ਕੀਮਤਾਂ ਦਾ ਪੁਨਰ ਜਨਮ ਅਤੇ ਉਹਨਾਂ ਦੀ ਸਿਆਸੀ ਜ਼ਿੰਦਗੀ ਵਿਚ ਦਖਲਅੰਦਾਜ਼ੀ ਹੈ । ਇਹ ਮੂਲਵਾਦ ਅਤੇ ਧਾਰਮਕ ਪੁਨਰ ਜਨਮ ਦਾ ਅਮਲ ਸੰਸਾਰ ਦੀ ਸਿਆਸੀ ਜੋੜਤੋੜ ਦੇ ਪ੍ਰਸੰਗ ਵਿਚ ਵੇਖਿਆ ਜਾ ਸਕਦਾ ਹੈ ਅਤੇ ਭਾਰਤ ਅਤੇ ਪੰਜਾਬ ਦੇ ਪ੍ਰਸੰਗ ਵਿਚ ਵੀ ਇਹਦਾ ਮਾਰੂ ਅਸਰ ਵੇਖਿਆ ਜਾ ਸਕਦਾ ਹੈ । ਪੰਜਾਬ ਵਿਚ ਇਸਦੀ ਜ਼ਿੰਮੇਵਾਰੀ ਮੂਲਵਾਦੀਆਂ ਦੇ ਨਾਲ ਨਾਲ ਮੁਖ ਤੌਰ ਤੇ ਕਾਂਗਰਸੀ ਹਾਕਮਾਂ ਉਤੇ ਪੈਂਦੀ ਹੈ, ਇਸਦੀ ਵਿਆਖਿਆ ਮੈਂ ਅੱਗੇ ਜਾ ਕੇ ਕਰਾਂਗਾ । ਸਸੰਸਾਰ ਅਮਲ ਦੇ ਤੌਰ ਤੇ ਪਾਕਿਸਤਾਨ ਵਿਚ ਇਸਲਾਮੀ ਰਾਜ ਅਤੇ ਇਰਾਨ ਵਿਚ ਖੁਮਿਆਨੀ ਦਾ ਉਪਰ ਆਉਣਾ ਹੈ । ਇਹ ਅਮਲ ਧਾਰਮਕ ਅਕੀਦਿਆਂ ਨੂੰ ਕਮਿਊਨਿਸਟ ਵਿਚਾਰਧਾਰਾ ਦੇ ਵਿਰੋਧ ਖੜੇ ਕਰਨ ਦਾ ਹੈ, ਜਿਸ ਵਿਚ ਅਮਰੀਕਾ ਮੁੱਖ ਤੌਰ ਤੇ ਦਿਲਚਸਪੀ ਰੱਖਦਾ ਹੈ । ਪੰਜਾਬ ਵਿਚ ਇਸ ਅੰਤਰਰਾਸ਼ਟਰੀ ਅਮਲ ਦਾ ਪ੍ਰਗਟਾਵਾ ਉਸ ਵੇਲੇ ਹੋਇਆ ਜਦੋਂ ਅਮਰੀਕਨ ਸਿੱਖ ਇਥੇ ਆਉਣੇ ਸ਼ੁਰੂ ਹੋਏ । ਉਸ ਵੇਲੇ ਤਾਂ ਬਹੁਤਾ ਪਤਾ ਨਾ ਲੱਗਾ ਪਰ ਹੁਣ ਇਹ ਪੱਕੀ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਹ ਇਕ ਗਿਣੀ ਮਿੱਥੀ ਚਾਲ ਨਾਲ ਇਥੇ ਭੇਜੇ ਗਏ ਸਨ । ਉਹਨਾਂ ਦਾ ਮੁੱਖ ਮੰਤਵ ਪੰਜਾਬ ਵਿਚ ਸਿੱਖੀ ਧਾਰਮਕ ਸ਼ਾਵਨਵਾਦ ਦੇ ਬੀਜ ਸੁੱਟਣਾ ਸੀ । ਅਮਰੀਕੀ ਸਿੱਖ ਇਥੇ ਆਏ ਤਾਂ ਸਿੱਖ ਕੱਟੜਵਾਦੀਆਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਿੱਖ ਧਰਮ ਇਕ ਬੜਾ ਹੀ ਆਧੁਨਿਕ ਧਰਮ ਹੈ ਅਤੇ ਅਮਰੀਕਾ ਵਰਗੇ ਸਾਰਿਆਂ ਨਾਲੋਂ ਤਰੱਕੀਯਾਫਤਾ ਦੇਸ਼ ਦੇ ਲੋਕ ਵੀ ਸਿੱਖੀ ਵੱਲ ਵਧ ਰਹੇ ਹਨ । ਮੇਰੇ ਵੱਡੇ ਭਾਈ ਸਾਹਿਬ ਜੋ ਨਿਊਯਾਰਕ ਰਹਿੰਦੇ ਹਨ, ਉਹਨਾਂ ਨੇ ਮੈਨੂੰ 1972 ਵਿਚ ਲਿਖਿਆ ਅਤੇ ਇਕ ਚਿੱਠੀ ਸੈਕਟਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲ ਵੀ ਲਿਖੀ ਕਿ ਜਿਹੜੇ ਅਮਰੀਕਨ ਸਿੱਖ ਅਮ੍ਰਿਤਸਰ ਦਰਬਾਰ ਸਾਹਿਬ ਆ ਰਹੇ ਹਨ, ਇਹ ਜੋਗੀ ਹਰਭਜਨ ਸਿੰਘ ਦੇ ਸਿਖਾਏ ਹੋਏ ਹਨ । ਇਹ ਸਿੱਖੀ ਨਾਲੋਂ ਤਾਂਤਰਿਕ ਕੌਤਕਾਂ ਵਿਚ ਵੱਧ ਯਕੀਨ ਰੱਖਦੇ ਹਨ । ਇਹਨਾਂ ਵਿਚੋਂ ਬਹੁਤੇ ਅਮਰੀਕਨ ਸੋਸਾਇਟੀ ਦੇ ਛਾਂਗੇ ਹੋਏ ਲੋਕ ਹਨ, ਜੋ ਪਹਿਲੇ ਹਿੱਪੀ ਬਣੇ ਸਨ ਤੇ ਹੁਣ ਜੋਗੀ ਹਰਭਜਨ ਸਿੰਘ ਉਹਨਾਂ ਨੂੰ ਕੁਝ ਲਾਲਚ ਦੇ ਕੇ ਸਿੱਖੀ ਵੱਲ ਮੋੜ ਲਿਆਇਆ ਹੈ । ਇਹ ਜਦੋਂ ਦਰਬਾਰ ਸਾਹਿਬ ਅਮ੍ਰਿਤਸਰ ਆਏ ਤਾਂ ਸਵੇਰੇ ਇਕ ਵਜੇ ਜਾਗ ਜਾਂਦੇ ਸਨ । ਹਰਿਮੰਦਰ ਸਾਹਿਬ ਦੀ ਰੋਜ਼ਾਨਾ ਰੁਟੀਨ ਵਿਚ ਉਚੀ ਉਚੀ ਵਾਹਿਗੁਰੂ, ਵਾਹਿਗੁਰੂ ਕਹਿੰਦੇ ਹਿੱਸਾ ਲੈਂਦੇ ਸਨ ਫੇਰ ਸਵੇਰੇ 4 ਵਜੇ ਆਪਣਿਆਂ ਕਮਰਿਆਂ ਵਿਚ ਮੁੜ ਜਾਂਦੇ ਸਨ ਤੇ ਦੁਪਹਿਰ ਦੋ ਵਜੇ ਤੱਕ ਸੁੱਤੇ ਰਹਿੰਦੇ ਸਨ । ਸਿੱਖ ਧਾਰਮਕ ਅਕੀਦੇ ਵਿਚ ਅਮ੍ਰਿਤ ਵੇਲੇ ਉਠਣ ਦੀ ਬੜੀ ਮਹੱਤਤਾ ਹੈ । ਇਸ ਮਹੱਤਤਾ ਬਾਰੇ ਇਹਨਾਂ ਨੂੰ ਪੂਰੀ ਤਰ੍ਹਾਂ ਸਮਝਾਇਆ ਅਤੇ ਸਿਖਾਇਆ ਗਿਆ ਸੀ । ਸਾਧਾਰਨ ਸਿੱਖਾਂ ਉਤੇ ਪ੍ਰਭਾਵ ਪਾਉਣ ਦੀ ਖਾਤਿਰ ਅਮ੍ਰਿਤ ਵੇਲੇ ਤਾਂ ਇਹ ਉਠ ਪੈਂਦੇ ਸਨ ਪਰ ਫੇਰ ਦੁਪਹਿਰ ਤੱਕ ਸੌਂਦੇ ਸਨ । ਕੋਈ ਕੰਮ ਇਹਨਾਂ ਨੂੰ ਹੋਰ ਨਹੀਂ ਸੀ । ਸ਼ਾਹੀ ਮਹਿਮਾਨ ਸਨ । ਪਰ

ਇਹਨਾਂ ਨੇ ਆਪਣਾ ਪ੍ਰਾਜੈਕਟ ਸਫਲਤਾ ਨਾਲ ਪੂਰਾ ਕਰ ਲਿਆ। ਲੰਮੇ ਲੰਮੇ ਚੋਲੇ, ਚਿੱਟੇ ਦੁੱਧ ਵਸਤਰ, ਖੁੱਲ੍ਹੀਆਂ ਦਾੜ੍ਹੀਆਂ ਇਹਨਾਂ ਨੇ ਆਪਣੀ ਸ਼ਖਸੀਅਤਾਂ ਦਾ ਪੂਰਾ ਰੁਅਬ ਪੰਜਾਬ ਦੇ ਨੌਜਵਾਨਾਂ ਵਿਚ ਬਣਾਇਆ। ਲੋਕ ਕਹਿਣ ਲੱਗ ਪਏ ਕਿ ਸਿੱਖੀ ਪੰਜਾਬ ਵਿਚ ਤਾਂ ਖਤਮ ਹੋ ਗਈ ਹੈ, ਪਰ ਅਸਲੀ ਹੁਣ ਅਮਰੀਕਾ ਵਿਚ ਪਲ ਰਹੀ ਹੈ। ਇਸ ਤਰ੍ਹਾਂ ਸਿੱਖ ਸ਼ਾਵਨਵਾਦ ਦੇ ਬੀਜ ਸੁੱਟੇ ਗਏ। ਹੁਣ ਜੇਕਰ ਪੁਛਿਆ ਜਾਏ ਕਿ ਕਿਥੇ ਗਏ ਉਹ ਸਾਰੇ ਅਮਰੀਕਨ ਸਿੱਖ ਤਾਂ ਇਕ ਰਫੇਲ ਸਿੰਘ ਬਾਝੋਂ ਹੋਰ ਕੋਈ ਨਹੀਂ ਲੱਭੇਗਾ। ਅਮਰੀਕਾ ਵਿਚ ਜਿਹੜੇ ਪ੍ਰਾਜੈਕਟ ਬਣਾਏ ਜਾਂਦੇ ਹਨ, ਉਹ ਕੰਪਿਊਟਰ ਦੇ ਮਾਡਲਾਂ ਨਾਲ ਬਣਾਏ ਜਾਂਦੇ ਹਨ। ਉਹਨਾਂ ਦੇ ਨਤੀਜੇ ਪੰਦਰਾਂ ਵੀਹ ਸਾਲਾਂ ਬਾਅਦ ਨਿਕਲਦੇ ਹਨ। ਉਹੀ ਨਤੀਜੇ ਅਸੀਂ ਅੱਜ ਭੋਗ ਰਹੇ ਹਾਂ। ਪੰਜਾਬ ਵਿਚ ਧਾਰਮਕ ਮੂਲਵਾਦ ਨੂੰ ਪੱਠੇ ਪਾਉਣ ਵਾਲਾ ਇਹ ਇਕ ਫੈਕਟਰ ਹੈ।

**? ਦੂਜਾ ਫੈਕਟਰ ਕੀ ਹੈ ?**

– ਦੂਜਾ ਫੈਕਟਰ 1971 ਤੋਂ ਲੈ ਕੇ 1976 ਤੱਕ ਪੰਜਾਬ ਵਿਚ ਗਿਆਨੀ ਜ਼ੈਲ ਸਿੰਘ ਦੀ ਕਾਂਗਰਸੀ ਹਕੂਮਤ ਹੈ। 1971 ਦੀਆਂ ਚੋਣਾਂ ਤੋਂ ਬਾਅਦ ਪੰਜਾਬ ਵਿਚ ਜਦੋਂ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣਿਆ ਤਾਂ ਉਹਨੇ ਸੋਚਿਆ ਕਿ ਪੰਜਾਬ 'ਚ ਕਾਂਗਰਸ ਨੂੰ ਚੈਲਿੰਜ ਕਰਨ ਵਾਲੀ ਇਕੋ ਇਕ ਤਾਕਤ ਸ਼੍ਰੋਮਣੀ ਅਕਾਲੀ ਦਲ ਹੈ ਅਤੇ ਅਕਾਲੀਆਂ ਦੀ ਸਿਆਸਤ ਦਾ ਆਧਾਰ ਧਰਮ ਉਤੇ ਹੈ। ਕਿਉਂ ਨਾ ਅਕਾਲੀਆਂ ਨਾਲ ਮੁਕਾਬਲਾ ਉਹਨਾਂ ਦੇ ਆਧਾਰ ਤੇ ਹੀ ਖਲੋ ਕੇ ਕੀਤਾ ਜਾਏ। ਇਹਦੇ ਲਈ ਉਹ ਵੱਖ ਵੱਖ ਬਾਬਿਆਂ ਦੇ ਡੇਰੇ ਗਿਆ। ਉਹਨਾਂ ਦੀ ਚਰਨ ਧੂੜ ਲੈਣ ਦਾ ਪਖੰਡ ਕੀਤਾ। ਉਹਨਾਂ ਦੇ ਡੇਰਿਆਂ ਵਿਚ ਸਰਕਾਰੀ ਸਹੂਲਤਾਂ ਦਿਤੀਆਂ ਅਤੇ ਨਾਲ ਇਹ ਵੀ ਆਖਿਆ ਕਿ ਉਹ ਪਬਲਿਕ ਲਾਈਫ ਵਿਚ ਆਉਣ ਕਿਉਂਕਿ ਦੁਸ਼ਟ ਅਕਾਲੀਆਂ ਨੇ ਸਿੱਖੀ ਦਾ ਬੇੜਾ ਡੋਬ ਦਿੱਤਾ ਹੋਇਆ ਹੈ। ਨੌਜਵਾਨ ਦਾੜ੍ਹੀਆਂ ਛਿੱਲ ਰਹੇ ਹਨ। ਖਲਿਉਂ ਸਿਰ ਮੁੰਨਾ ਕੇ ਉਤੇ ਪੱਗ ਬੰਨਦੇ ਹਨ। ਇਹ ਅੱਧ-ਅਕਲੇ ਜਿਹੇ ਬਾਬੇ ਜਿਨ੍ਹਾਂ ਦੀ ਸਿਆਸੀ ਜਾਣਕਾਰੀ ਸਿਫਰ ਦੇ ਬਰਾਬਰ ਹੈ, ਫੂਕ ਛੱਕ ਗਏ। ਉਹ ਸਿੱਖੀ ਦੇ ਝੰਡਾ ਬਰਦਾਰ ਬਣ ਗਏ। ਇਹਦਾ ਪਹਿਲਾ ਵਿਖਾਵਾ ਉਸ ਵੇਲੇ ਹੋਇਆ ਜਦੋਂ 1974 ਵਿਚ ਇਹਨਾਂ ਨੇ ਡਾਕਟਰ ਫੌਜਾ ਸਿੰਘ ਦੀਆਂ ਇਤਿਹਾਸ ਬਾਰੇ ਖੋਜਾਂ ਨੂੰ ਅਪਰਾਧ ਆਖ ਕੇ ਉਸਨੂੰ ਸੋਧਨ ਦਾ ਬੀੜਾ ਚੁੱਕ ਲਿਆ ਤੇ ਕਾਫੀ ਹੱਦ ਤੱਕ ਸਿੱਖ ਬੁੱਧੀ-ਜੀਵਾਂ ਨੂੰ ਡਰਾਉਣ ਵਿਚ ਕਾਮਯਾਬ ਹੋਏ। ਇਹਨਾਂ ਦੇ ਚੇਲੇ ਚਾਪੜਿਆਂ ਨੇ ਬੱਸਾਂ ਦੀਆਂ ਛੱਤਾਂ ਉਤੇ ਬਗੈਰ ਟਿਕਟ ਸਫਰ ਸ਼ੁਰੂ ਕਰ ਦਿੱਤਾ। ਰੇਲ ਗੱਡੀਆਂ ਵਿਚ ਘੋੜੇ ਚੜ੍ਹਾ ਕੇ ਲੈ ਜਾਣ ਲੱਗ ਪਏ। ਅੱਧ-ਅਕਲੇ ਜਿਹੇ ਬੰਦਿਆਂ ਨੇ ਪੰਜਾਬ ਨੂੰ ਡਰਾਉਣਾ ਧਮਕਾਨਾ ਸ਼ੁਰੂ ਕਰ ਦਿੱਤਾ। ਗੁਰੂ ਕੀ ਲਾਡਲੀ ਫੌਜ ਬੜੇ ਜਲਾਲ ਨਾਲ ਪਬਲਿਕ ਲਾਈਫ ਵਿਚ ਆ ਗਈ। ਗਿਆਨੀ ਜ਼ੈਲ ਸਿੰਘ ਨੇ ਇਕ ਪਾਸੇ ਗੋਬਿੰਦ ਮਾਰਗ ਸਿੱਖਾਂ ਨੂੰ ਖ਼ੁਸ਼ ਕਰਨ ਵਾਸਤੇ ਤੇ ਦੂਜੇ ਪਾਸੇ ਹਿੰਦੂ ਸ਼ਾਵਨਵਾਦੀਆਂ ਨੂੰ ਖ਼ੁਸ਼ ਕਰਨ ਲਈ ਸਰਕਾਰੀ ਖਰਚ ਤੇ ਰਾਮ ਤੀਰਥ ਮੰਦਰ ਦੀਆਂ ਮੁਰੰਮਤਾਂ ਕਰਵਾਈਆਂ। ਮੂਲਵਾਦ ਇਸ ਤਰ੍ਹਾਂ ਪਲਪਨਾ ਸ਼ੁਰੂ ਹੋਇਆ। ਇਸ ਲਈ ਬੜੇ ਜ਼ੋਰ ਨਾਲ ਕਿਹਾ ਜਾ ਸਕਦਾ ਹੈ ਕਿ ਧਾਰਮਕ ਮੂਲਵਾਦ ਨੂੰ ਵਧਾਉਣ ਵਿਚ ਕਾਂਗਰਸ ਹਕੂਮਤ ਦਾ ਹੱਥ ਹੈ। ਦੂਜੇ ਸੂਬਿਆਂ ਵਿਚ ਵੀ ਹਿੰਦੂ ਮੂਲਵਾਦ ਨੂੰ ਵਧਾਉਣ ਵਿਚ ਕਾਂਗਰਸ ਦਾ ਇਹ ਹੱਥ ਵੇਖਿਆ ਜਾ ਸਕਦਾ ਹੈ। 1977 ਤੋਂ ਬਾਅਦ ਜਦੋਂ ਪੰਜਾਬ ਵਿਚ ਅਕਾਲੀ ਜੰਤਾ ਰਾਜ ਸੀ ਤਾਂ 'ਦਲ ਖਾਲਸਾ' ਵਰਗੀਆਂ ਸੰਸਥਾਵਾਂ ਨੂੰ ਖੜਾ ਕਰਨ ਵਿਚ ਗਿਆਨੀ ਜ਼ੈਲ ਸਿੰਘ ਦਾ ਹੱਥ ਹੁਣ ਇਤਿਹਾਸਕ ਤੱਥ ਬਣ ਕੇ ਸਾਹਮਣੇ ਆ ਗਿਆ ਹੈ। ਇਕੱਲੇ ਪੰਜਾਬ ਵਿਚ ਨਹੀਂ, ਸਗੋਂ ਬਾਕੀ ਸੂਬਿਆਂ ਵਿਚ ਵੀ ਧਾਰਮਕ ਮੂਲਵਾਦੀਆਂ ਨੂੰ ਸ਼ਹਿ ਇਕ ਗਿਣੀ ਮਿਥੀ ਪਾਲਸੀ ਦੇ ਅਧੀਨ ਦਿਤੀ ਜਾਣ ਲੱਗ ਪਈ। ਇਹ ਅਮਲ ਇੰਦਰਾ ਗਾਂਧੀ ਦੀ ਸਿਆਸੀ ਨੀਤੀ ਦਾ ਇਕ ਅੰਗ ਬਣ ਗਿਆ। ਰਾਜੀਵ ਨੇ ਦਸੰਬਰ 1984 ਦੀਆਂ ਚੋਣਾਂ ਵਿਚ ਇਸ ਨੀਤੀ ਨੂੰ ਨੰਗੇ ਚਿੱਟੇ ਰੂਪ ਵਿਚ ਅਪਣਾਇਆ।

**? ਕੀ ਤੁਸੀਂ ਇਹ ਮੂਲਵਾਦ ਫੈਲਾਉਣ ਲਈ ਜਾਂ ਫਿਰਕੂ ਪ੍ਰਚਾਰ ਲਈ ਅਕਾਲੀਆਂ ਨੂੰ ਬਰੀ ਸਮਝਦੇ ਹੋ**

– ਨਹੀਂ, ਮੈਂ ਅਕਾਲੀਆਂ ਨੂੰ ਧਾਰਮਕ ਮੂਲਵਾਦ ਫੈਲਾ-ਉਣ ਤੋਂ ਬਰੀ ਕਿਉਂ ਕਰਾਂਗਾ ? ਉਹ ਬਰੀ ਹੋਣਾ ਵੀ ਨਹੀਂ ਚਾਹੁੰਦੇ। ਉਹ ਤਾਂ ਏਲਾਨੀਆਂ ਕਹਿੰਦੇ ਹਨ ਕਿ ਉਹਨਾਂ ਦੀ ਸਿਆਸਤ ਧਰਮ ਤੋਂ ਵੱਖ ਨਹੀਂ ਹੈ। ਕਾਂਗਰਸੀਆਂ ਉਤੇ ਉਂਗਲੀ ਤਾਂ ਰੱਖੀ ਜਾਂਦੀ ਹੈ ਕਿ ਉਹ ਉਤੋਂ ਧਰਮ ਨਿਰਪੇਖਤਾ ਦਾ ਲੇਬਲ ਲਗਾਂਦੇ ਹਨ ਪਰ ਵਿਚੋਂ ਵੋਟਾਂ ਦੀ ਖਾਤਿਰ ਪੂਰੀ ਤਰ੍ਹਾਂ ਧਾਰਮਕ ਸ਼ਾਵਨਵਾਦੀਆਂ ਨੂੰ ਸ਼ਹਿ ਦੇਂਦੇ ਹਨ। ਹਿੰਦੂ ਤੇ ਮੁਸਲਿਮ ਸ਼ਾਵਨਵਾਦ ਨੂੰ ਵੀ ਲੋੜ ਪੈਣ ਤੇ ਨੂੰ ਵੀ ਤੇ ਸਿੱਖ ਸ਼ਾਵਨਵਾਦ ਨੂੰ ਵੀ, ਇਸ ਲਈ

ਪੰਜਾਬ ਦੀਆਂ ਜਮਹੂਰੀ ਤਾਕਤਾਂ ਨੂੰ ਜਾਂ ਉਹਨਾਂ ਲੋਕਾਂ ਨੂੰ ਸਹੀ ਅਰਥਾਂ ਵਿਚ ਧਰਮ ਨਿਰਪੇਖਤਾ ਵਿਚ ਯਕੀਨ ਰੱਖਦੇ ਹਨ, ਦੋਨਾਂ ਫਰੰਟਾਂ ਤੇ ਲੜਾਈ ਲੜਨੀ ਪਏਗੀ, ਅਕਾਲੀਆਂ ਦੇ ਵਿਰੁੱਧ ਧਰਮ ਦੇ ਨਾਂ ਤੇ ਕੁੱਟਲ ਨੀਤੀ ਚਲਾਉਣ ਲਈ ਅਤੇ ਕਾਂਗਰਸੀਆਂ ਵਿਰੁੱਧ ਧਰਮ ਨਿਰਪੇਖਤਾ ਦੇ ਨਾਂ ਤੇ ਦੰਭ ਕਰਨ ਲਈ।

**? ਸੰਤ ਭਿੰਡਰਾਂਵਾਲੇ ਬਾਰੇ ਤੁਹਾਡਾ ਕੀ ਵਿਚਾਰ ਹੈ ?**

– ਉਹ ਪੂਰੀ ਤਰ੍ਹਾਂ ਇਕ ਧਾਰਮਕ ਮੂਲਵਾਦੀ ਆਗੂ ਸੀ। 1978 ਵਿਚ ਜਦੋਂ ਉਹ ਪੰਜਾਬ ਦੀ ਪੁਲੀਟੀਕਲ ਸਟੇਜ ਤੇ ਆਇਆ ਤਾਂ ਉਹਦੀਆਂ ਤਕਰੀਰਾਂ ਅਤੇ ਢੰਗ ਤਰੀਕਿਆਂ ਤੋਂ ਮੈਂ ਇਹ ਪੇਸ਼ੀਨਗੋਹੀ ਕੀਤੀ ਸੀ (6 ਅਕਤੂਬਰ 1979 ਚੜਿਕ ਵਿਖੇ ਇਕ ਸਮਾਗਮ ਵਿਚ) ਕਿ ਇਹ ਸ਼ਖਸ ਪੰਜਾਬ ਲਈ ਤਬਾਹੀ ਦਾ ਕਾਰਨ ਬਣੇਗਾ। ਇਹ ਸੱਚ ਸਾਬਤ ਹੋਇਆ ਹੈ ਭਾਵੇਂ ਇਸ ਤਬਾਹੀ ਦੀ ਜ਼ਿੰਮੇਵਾਰੀ ਵਿਚ ਹੁਣ ਮੈਂ ਇੰਦਰਾ ਗਾਂਧੀ ਨੂੰ ਵੀ ਸ਼ਾਮਿਲ ਕਰਨਾ ਹਾਂ ਤੇ ਸੰਤ ਲੌਂਗੋਵਾਲ ਨੂੰ ਵੀ। ਇੰਦਰਾ ਗਾਂਧੀ ਇਕ ਜ਼ਿਦੀ ਕਿਸਮ ਦੀ ਪ੍ਰਧਾਨ ਮੰਤਰੀ ਸੀ। ਉਹ ਇਸ ਦੇਸ਼ ਦਾ ਕਿੰਨਾ ਕੁ ਨੁਕਸਾਨ ਕਰ ਗਈ ਹੈ, ਇਹ ਤੇ ਆਉਣ ਵਾਲਾ ਇਤਿਹਾਸ ਹੀ ਦਸੇਗਾ। ਸੰਤ ਲੌਂਗੋਵਾਲ ਹਮੇਸ਼ਾ ਦੋ ਬੇੜੀਆਂ ਦਾ ਸਵਾਰ ਰਿਹਾ। ਇਕ ਸੰਤਪੁਣੇ ਦੀ ਬੇੜੀ ਅਤੇ ਇਕ ਰਾਜਨੀਤਕ ਬੇੜੀ। ਹਰ ਪੜਾਅ ਤੇ ਉਹਨੇ ਗ਼ਲਤ ਫੈਸਲੇ ਲਏ। ਜਿਤੇ ਹੋਏ ਮੋਰਚੇ ਹਾਰੇ। ਉਹਨੂੰ ਨਾ ਮੋਰਚਿਆਂ ਨੂੰ ਤੋੜ ਪੁਚਾਣਾ ਆਇਆ ਤੇ ਨਾ ਹੀ ਸਮਝੌਤਾ ਕਰਨਾ ਆਇਆ। ਭਾਵੇਂ ਇਹ ਬਸ ਕਿਰਾਯਾ ਮੋਰਚਾ ਸੀ, ਭਾਵੇਂ ਨਹਿਰ ਰੋਕੂ ਮੋਰਚਾ ਸੀ ਤੇ ਭਾਵੇਂ ਧਰਮ ਯੁੱਧ ਸੀ, ਹੁਣ ਇਹ ਤਿੰਨੇ ਸ਼ਖਸੀਅਤਾਂ ਨਹੀਂ ਰਹੀਆਂ। ਇਸ ਬਾਰੇ ਹੋਰ ਗੱਲ ਕਰਨੀ ਵਾਜਬ ਨਹੀਂ।

**? ਦੇਸ਼ 'ਚ ਹੋਰ ਮਸਲੇ ਉਠਦੇ ਹਨ ਤ ਪੁਲੀਟੀਕਲ ਤੌਰ ਤੇ ਸੁਲਝਾਏ ਜਾਂਦੇ ਹਨ, ਪੰਜਾਬ ਦਾ ਮਸਲਾ ਏਨਾ ਉਲਝਿਆ ਕਿਉਂ ?**

– ਹਾਲਾਤ ਨੂੰ ਗ਼ਲਤ ਤਰੀਕੇ ਨਾਲ ਨਜਿਠਿਆ ਜਾਣਾ ਬਹੁਤ ਵਾਰ ਮਸਲੇ ਨੂੰ ਉਲਝਾਉ ਦਾ ਹੈ। 1978 ਦੀ ਵਿਸਾਖੀ ਇਸਦਾ ਸ਼ੁਰੂ ਹੈ। ਸਿੱਖ ਨਿਰੰਕਾਰੀ ਵਾਦ-ਵਿਵਾਦ ਕੁਝ ਚਿਰ ਤੋਂ ਬੜੀ ਸ਼ਿੱਦਤ ਦੀ ਸ਼ਕਲ ਇਖਤ੍ਰਿਆਰ ਕਰ ਚੁਕਿਆ ਸੀ। ਅਵਤਾਰ ਬਾਣੀ ਮਸਲਾ ਸੀ। ਅਵਤਾਰ ਬਾਣੀ ਵਿਚ ਕੁਝ ਬਾਣੀ ਸਿੱਖ ਗੁਰੂ ਸਾਹਿਬਾਂ ਦੀ ਸ਼ਾਮਿਲ ਸੀ। ਸਿੱਖ ਅਕੀਦੇ ਅਨੁਸਾਰ ਇਹ ਬਾਣੀ ਗੁਰੂ ਦਾ ਦਰਜਾ ਰੱਖਦੀ ਹੈ ਅਤੇ ਇਹ ਉਚੀ ਥਾਂ ਰੱਖੀ ਜਾਂਦੀ ਹੈ ਜਦੋਂ ਕਿ ਨਿਰੰਕਾਰੀ ਆਪਣੇ ਗੁਰੂ ਨੂੰ ਉਚਾ ਸਮਝਦੇ ਹਨ ਅਤੇ ਬਾਣੀ ਨੂੰ ਨੀਵੀਂ ਥਾਂ ਰੱਖਦੇ ਹਨ। ਸਿੱਖ ਨਿਰੰਕਾਰੀ ਝਗੜਾ ਪਹਿਲੇ ਨਵੰਬਰ 1977 ਵਿਚ ਸਾਹਮਣੇ ਆਇਆ। ਜਦੋਂ ਸਿੱਖ ਵਿਖਾਵਾਕਾਰੀਆਂ ਨੇ ਪਠਾਨਕੋਟ ਵਿਚ ਹੋ ਰਹੇ ਨਿਰੰਕਾਰੀ ਸਮਾਗਮ ਨੂੰ ਹੋਣ ਤੋਂ ਰੋਕਿਆ। ਬਾਦਲ ਦੀ ਹਕੂਮਤ ਸੀ। ਸਾਰੇ ਦੇਸ਼ ਵਿਚ ਵਾਵੇਲਾ ਪੈ ਗਿਆ ਕਿ ਅਕਾਲੀਆਂ ਨੇ ਨਿਰੰਕਾਰੀਆਂ ਦੀ ਧਾਰਮਕ ਆਜ਼ਾਦੀ ਦੀ ਗਰੰਟੀ ਨਹੀਂ ਕੀਤੀ। ਵਾਵੇਲਾ ਪਾਉਣ ਵਿਚ ਲਾਲਾ ਜਗਤ ਨਰਾਇਣ ਦੀਆਂ ਅਖਬਾਰਾਂ ਸਾਰਿਆਂ ਤੋਂ ਅੱਗੇ ਸਨ। ਮਾਮਲਾ ਅਕੈਦਮਿਕ ਤੌਰ ਤੇ ਸੁਲਝਾਇਆ ਜਾ ਸਕਦਾ ਸੀ। ਇਕ ਖਬਰ ਅਨੁਸਾਰ ਨਿਰੰਕਾਰੀ ਮੰਨ ਗਏ ਸਨ ਕਿ ਗੁਰੂ ਸਾਹਿਬਾਂ ਦੀ ਬਾਣੀ ਅਵਤਾਰ ਬਾਣੀ ਵਿਚੋਂ ਕੱਢ ਦੇਣਗੇ ਪਰ ਗੱਲ ਏਨੀ ਵਧ ਗਈ ਕਿ ਦੋਵਾਂ ਧਿਰਾਂ ਨੇ ਸਿਰੇ ਦੀਆਂ ਪੁਜ਼ੀਸ਼ਨਾਂ ਲੈ ਲਈਆਂ। ਮੁਰਾਰਜੀ ਡੀਸਾਈ ਨੇ ਵੀ ਉਸ ਵੇਲੇ ਨਿਰੰਕਾਰੀਆਂ ਨੂੰ ਪੂਰੀ ਤਰ੍ਹਾਂ ਉਤਸ਼ਾਹਤ ਕੀਤਾ। ਵਿਸਾਖੀ 1978 ਵਿਚ ਨਿਰੰਕਾਰੀ ਸਮਾਗਮ ਖਾਸ ਅੰਮ੍ਰਿਤਸਰ ਵਿਚ ਰਖਿਆ ਗਿਆ। ਸਿੱਖ ਵਿਖਾਵਾਕਾਰੀ ਜਦੋਂ ਹਰਿਮੰਦਰ ਸਾਹਿਬ ਤੋਂ ਅਰਦਾਸ ਕਰਕੇ ਨਿਰੰਕਾਰੀ ਸਮਾਗਮ ਵੱਲ ਵਧ ਰਹੇ ਸਨ ਤਾਂ ਪਤਾ ਸੀ ਕਿ ਖੂਨ ਖਰਾਬਾ ਹੋਣਾ ਹੈ। ਸਿੱਖ ਵਿਖਾਵਾਕਾਰੀਆਂ ਵਿਚ ਅੰਨ੍ਹਾਂ ਜਨੂੰਨ ਸੀ ਜਦੋਂ ਕਿ ਨਿਰੰਕਾਰੀ ਵਲੰਟੀਅਰਾਂ ਕੋਲ ਬੰਦੂਕਾਂ ਸਨ। ਉਹਨਾਂ ਨੂੰ ਪਹਿਲੇ ਕਿਉਂ ਨਾ ਰੋਕਿਆ ਗਿਆ, ਇਹ ਹਾਲੇ ਤੱਕ ਸਵਾਲ ਬਣਿਆ ਹੋਇਆ ਹੈ, ਸੋਲ੍ਹਾਂ ਬੰਦੇ ਥਾਂ ਸਿਰ ਮਰ ਗਏ, ਇਹ ਕੋਈ ਮਮੂਲੀ ਘਟਨਾ ਨਹੀਂ ਸੀ। ਇਸਤੋਂ ਅੱਗੇ ਹੀ ਬਦਲੇ ਦਾ ਚੱਕਰ ਚਲਿਆ। ਬਾਬਾ ਗੁਰਬਚਨ ਸਿੰਘ ਮਰਿਆ, ਲਾਲਾ ਜਗਤ ਨਰਾਇਣ ਮਰਿਆ। ਜੂਨ 1984 ਤੋਂ ਪਹਿਲਾਂ ਹਿੰਦੂ ਅਤੇ ਨਿਰੰਕਾਰੀ ਮਰਦੇ ਰਹੇ। ਅਮਨ ਅਤੇ ਕਾਨੂੰਨ ਬਿਲਕੁਲ ਟੁੱਟ ਗਿਆ। ਕੋਈ ਕਾਰਵਾਈ ਨਹੀਂ ਕੀਤੀ ਗਈ। ਕਾਤਲ ਦਨਦਨਾਂਦੇ ਰਹੇ। ਫੇਰ ਕਾਰਵਾਈ ਕੀਤੀ ਤਾਂ ਇਕਦਮ ਦਰਬਾਰ ਸਾਹਿਬ ਦੇ ਕੰਪਲੈਕਸ ਦੀ ਤਬਾਹੀ ਕਰ ਦਿਤੀ ਗਈ। ਮੇਰੇ ਕੋਲੋਂ ਪੁਛਿਆ ਜਾਏ ਤਾਂ ਮੈਂ ਇਹ ਕਹਾਂਗਾ ਕਿ ਜਿਨ੍ਹਾਂ ਇਹ ਤਬਾਹੀ ਕੀਤੀ ਉਹ ਵੀ ਗ਼ਲਤ ਸਨ ਤੇ ਜਿਨ੍ਹਾਂ ਕਰਵਾਈ ਉਹ ਵੀ ਗ਼ਲਤ ਸਨ। ਉਸ ਤੋਂ ਬਾਅਦ ਜਿਹੜਾ ਤਿੰਨ ਚਾਰ ਮਹੀਨੇ ਫੌਜੀ ਰਾਜ ਪੰਜਾਬ ਵਿਚ ਹੋਇਆ। ਤਾਂ ਇਸਉਹ

ਤਰ੍ਹਾਂ ਸੀ ਜਿਸ ਤਰ੍ਹਾਂ ਫੌਜ ਕਿਸੇ ਬਾਹਰਲੇ ਦੇਸ਼ ਦੇ ਦੁਸ਼ਮਣੇ ਲੋਕਾਂ ਨਾਲ ਸਲੂਕ ਕਰ ਰਹੀ ਹੈ। ਭਿੰਡਰਾਂ ਵਾਲਾ ਜਦੋਂ ਮਾਰ ਲਿਆ ਸੀ ਤਾਂ ਹਾਲਤ ਨੂੰ ਸਾਧਾਰਨੀਕਰਨ ਵਲ ਲਿਆਣੇ ਚਾਹੀਦੇ ਸਨ ਨਾ ਕਿ ਪਿੰਡਾਂ ਵਿਚ ਦਹਿਸ਼ਤ ਫੈਲਾਉਣੀ ਸੀ। ਜੂਨ 1984 ਤੋਂ ਪਹਿਲਾਂ ਜੇਕਰ ਪੰਜਾਬ ਵਿਚ ਹਿੰਦੂਆਂ ਦੀ ਜਾਨ ਸੂਲੀ ਤੇ ਟੰਗੀ ਹੋਈ ਸੀ ਤਾਂ ਜੂਨ 1984 ਤੋਂ ਬਾਅਦ ਸਿਖਾਂ ਨੂੰ ਸੂਲੀ ਟੰਗ ਦਿਤਾ ਗਿਆ। ਹੁਣ ਦੇ ਬਹੁਤੇ ਟੈਰਰਿਸਟ ਉਸ ਵੇਲੇ ਦੀ ਦਹਿਸ਼ਤਗਰਦੀ ਦਾ ਨਤੀਜਾ ਹਨ ਜੋ ਫੌਜ ਨੇ ਸਿਖ ਨੌਜਵਾਨ ਵਿਰੁਧ ਕੀਤੀ। ਕਮਅਜ਼ਕਮ ਡੇਢ ਦੋ ਹਜ਼ਾਰ ਸਿਖ ਨੌਜਵਾਨ ਇਸ ਦਹਿਸ਼ਤ ਗਰਦੀ ਤੋਂ ਬਚਣ ਲਈ ਪਾਕਿਸਤਾਨ ਬਾਰਡਰ ਕਰਾਸ ਕਰ ਗਏ। ਝੂਠੇ ਮੁਕਾਬਲਿਆਂ ਵਿਚ ਅਣਗਿਣਤ ਮਾਰੇ ਗਏ। ਫੌਜੀਆਂ ਦਾ ਸਲੂਕ ਵੀ ਆਮ ਸਿਖਾਂ ਪ੍ਰਤੀ ਬਹੁਤ ਮਾੜਾ ਸੀ। ਮੈਂ ਇਹ ਸਭ ਕੁਝ ਕਹਿਕੇ ਹੁਣ ਦੀ ਟੈਰਰਿਜ਼ਮ ਨੂੰ ਦਲੀਲ ਦੇ ਕੇ ਜਾਇਜ਼ ਨਹੀਂ ਠਹਿਰਾ ਰਿਹਾ। ਜਾਂ ਉਹਦੇ ਲਈ ਕੋਈ ਤਰਕ ਨਹੀਂ ਮੁਹੀਯਾ ਕਰ ਰਿਹਾ। ਸਗੋਂ ਇਹ ਦਸ ਰਿਹਾ ਹਾਂ ਕਿ ਅਧਿਕਾਰੀਆਂ ਵਲੋਂ ਗ਼ਲਤ ਕਾਰ-ਵਾਈਆਂ ਬਾਅਦ ਵਿਚ ਕਿਸ ਤਰ੍ਹਾਂ ਗ਼ਲਤ ਨਤੀਜੇ ਕਢਦੀਆਂ ਹਨ।

**? ਰਾਜੀਵ ਲੌਂਗੋਵਾਲ ਸਮਝੌਤੇ ਬਾਰੇ ਤੁਹਾਡਾ ਕੀ ਖਿਆਲ ਹੈ ?**

— ਸਮਝੌਤਾ ਹੋਣਾ ਹੀ ਚਾਹੀਦਾ ਸੀ, ਪਰ ਇਸ ਸਮਝੌਤੇ ਵਿਚ ਹੋਰ ਧਿਰਾਂ ਨੂੰ ਵੀ ਸ਼ਾਮਿਲ ਕੀਤੇ ਜਾਣਾ ਚਾਹੀਦਾ ਸੀ। ਲੌਂਗੋਵਾਲ ਲਈ ਬਾਦਲ ਨੂੰ ਵਿਸ਼ਵਾਸ਼ ਵਿਚ ਲੈਣਾ ਜ਼ਰੂਰੀ ਸੀ। ਬਰਨਾਲਾ, ਬਲਵੰਤ ਸਿੰਘ ਕਿਸੇ ਵੇਲੇ ਵੀ ਮੋਰਚੇ ਦੇ ਦਰਮਿਆਨ ਮੋਹਰੀਆਂ ਵਿਚੋਂ ਨਹੀਂ ਸਨ। ਪੰਜਾਬ ਦੇ ਹਿੰਦੂਆਂ ਨੂੰ ਵੀ ਵਿਸ਼ਵਾਸ਼ ਵਿਚ ਲੈਣਾ ਚਾਹੀਦਾ ਸੀ, ਉਹ ਵੀ ਇਸ ਸਾਰੇ ਕਾਂਡ ਵਿਚ ਬੇਗੁਨਾਹ ਮਾਰੇ ਗਏ ਸਨ। ਸਿਖ ਸਟੂਡੈਂਟ ਫੈਡਰੇਸ਼ਨ ਦਮਦਮੀ ਟਕਸਾਲ ਵਾਲਿਆਂ ਨੂੰ ਵੀ ਮੌਕਾ ਦਿਤਾ ਜਾਣਾ ਚਾਹੀਦਾ ਸੀ ਕਿ ਉਹ ਇਕ ਵਡੇ ਸਮਝੌਤੇ ਦਾ ਹਿੱਸਾ ਬਣਦੇ। ਹੁਣ ਪਤਾ ਲਗਾ ਹੈ ਕਿ ਜੋਧਪੁਰ ਵਾਲਿਆਂ ਨਾਲ ਗੱਲਬਾਤ ਹੋ ਵੀ ਰਹੀ ਸੀ ਪਰ ਅਰਜਨ ਸਿੰਘ ਬਲਵੰਤ ਸਿੰਘ ਨੇ ਸਾਜ਼ਸ਼ੀ ਤੌਰ ਤੇ ਉਹਨਾਂ ਦੇ ਬਾਹਰ ਬਾਹਰ ਸਭ ਕੁਝ ਕਰ ਲਿਆ। ਸਮਝੌਤੇ ਦਾ ਮਤਲਬ ਹੈ ਕਿ ਪਿਛੇ ਜੋ ਕੁਝ ਹੋਇਆ ਹੈ, ਉਹਦੇ ਤੇ ਮਿੱਟੀ ਪਾਈ ਜਾਏ ਤੇ ਇਕ ਨਵਾਂ ਕਾਂਡ ਸ਼ੁਰੂ ਕੀਤਾ ਜਾਏ ਪਰ ਐਸਾ ਹੋਇਆ ਨਹੀਂ ਤੇ ਪਿਛਲੇ ਅੱਠ ਦਸ ਮਹੀਨੇ ਤੋਂ ਪੰਜਾਬ ਵਿਚ ਜੋ ਵਾਪਰ ਰਿਹਾ ਹੈ ਇਹ ਅਧੂਰੇ ਸਮਝੌਤੇ ਦੀ ਦੇਣ ਹਨ। ਮੈਂ ਤਾਂ ਇਹ ਵੀ ਕਹਾਂਗਾ ਕਿ ਹਰਿਆਨਾ ਦੀਆਂ ਧਿਰਾਂ ਦੀ ਵੀ ਰਜ਼ਾਮੰਦੀ ਅਤੇ ਸ਼ਮੂਲੀਅਤ ਜ਼ਰੂਰੀ ਸੀ। ਸਿਰਫ ਭਜਨ ਲਾਲ ਸਾਰੇ ਹਰਿਆਨੇ ਦੀ ਆਵਾਜ਼ ਨਹੀਂ ਨਹੀਂ ਸੀ।

**?ਹੁਣ ਤੁਹਾਡੇ ਖਿਆਲ 'ਚ ਕੀ ਹੋਣਾ ਚਾਹੀਦਾ ਹੈ ?**

— ਕੋਸ਼ਿਸ਼ ਕਰਕੇ ਸਾਰੀਆਂ ਧਿਰਾਂ ਦੀ ਗੋਲਮੇਜ਼ ਕਾਨਫਰੰਸ ਹੋਣੀ ਚਾਹੀਦੀ ਹੈ। ਇਹ ਕਿਸੇ ਸਾਜ਼ਿਸ਼ੀ ਤਰੀਕੇ ਨਾਲ ਖੁਫੀਆ ਤੌਰ ਤੇ ਨਹੀਂ ਹੋਣੀ ਚਾਹੀਦੀ। ਖੁਲ੍ਹੇ ਆਮ ਲੋਕਾਂ ਨੂੰ ਵਿਸ਼ਵਾਸ਼ ਵਿਚ ਲਿਆ ਜਾਏ। ਲੋਕ ਹਰ ਕਿਸਮ ਦੀ ਦਹਿਸ਼ਤਗਰਦੀ ਅਤੇ ਸਿਆਸੀ ਪੈਂਤੜੇਬਾਜ਼ੀ ਤੋਂ ਤੰਗ ਆ ਚੁੱਕੇ ਹਨ। ਉਹ ਅਮਨ ਸ਼ਾਂਤੀ ਚਾਹੁੰਦੇ ਹਨ ਚੰਗੇ ਗਵਾਂਢੀਆਂ ਵਾਕੁਨ ਰਹਿਣਾ ਚਾਹੁੰਦੇ ਹਨ। ਕੁਝ ਲੈ ਦੇ ਕੇ ਫੈਸਲਾ ਕਰਨਾ ਚਾਹੁੰਦੇ ਹਨ। ਅਸੀਂ ਘਰਾਂ ਵਿਚ ਮੁਹਲਿਆਂ ਵਿਚ ਇਹੋ ਜਿਹੇ ਫ਼ੈਸਲੇ ਰੋਜ਼ ਕਰਦੇ ਹਾਂ। ਇਹੋ ਜਿਹਾ ਵਾਤਾਵਰਨ ਬਣਾਇਆ ਜਾਏ ਕਿ ਉਹ ਜੋ ਮਾਸੂਮਾਂ ਦੇ ਕਤਲਾਂ ਦੇ ਰਾਹ ਪਏ ਹੋਏ ਹਨ, ਉਹਨਾਂ ਨੂੰ ਅਹਿਸਾਸ ਹੋਏ ਕਿ ਉਹ ਕਿਹੋ ਜਿਹੇ ਇਨਸਾਨ ਦੁਸ਼ਮਣ ਰਾਹ ਤੇ ਪਏ ਹੋਏ ਹਨ! ਇਸਦਾ ਇਹ ਮਤਲਬ ਨਹੀਂ ਉਹਨਾਂ ਨੂੰ ਕਿਸੇ ਕਿਸਮ ਦੀ ਢਿਲ ਦਿਤੀ ਜਾਏ ਜਾਂ ਉਹਨਾਂ ਨਾਲ ਸਖ਼ਤੀ ਨਾਲ ਨਾ ਨਿਪਟਿਆ ਜਾਏ ਪਰ ਉਹਨਾਂ ਨੂੰ ਨਾਲ ਨਾਲ ਸਹੀ ਰਾਹ ਤੇ ਆਉਣ ਦਾ ਮੌਕਾ ਵੀ ਦਿਤਾ ਜਾਏ। ਰਾਜੀਵ ਲੌਂਗੋਵਾਲ ਸਮਝੌਤਾ ਇਕ ਨਾ ਮੁੱਕਮਲ ਸਮਝੌਤਾ ਸਾਬਤ ਹੋ ਚੁਕਿਆ ਹੈ। ਕਿਸੇ ਵੀ ਧਿਰ ਅਤੇ ਲੋਕਾਂ ਨੂੰ ਉਸ ਸਮਝੌਤੇ ਵਿਚ ਕੋਈ ਵਿਸ਼-ਵਾਸ਼ ਨਹੀਂ ਰਿਹਾ। ਇਕ ਸਰਵਪੱਖੀ ਨਵੇਂ ਸਮਝੌਤੇ ਦੀ ਲੋੜ ਹੈ, ਜਿਸ ਵਿਚ ਸਿਖਾਂ ਦੀਆਂ ਸਾਰੀਆਂ ਧਿਰਾਂ, ਹਰਿਆਨਾ ਦੀ ਵੱਖ ਵੱਖ ਧਿਰਾਂ ਅਤੇ ਪੰਜਾਬ ਦੀਆਂ-ਹਿੰਦੂ ਸੰਸਥਾਵਾਂ ਦੀ ਵੀ ਸ਼ਮੂਲੀਅਤ ਕੀਤੀ ਜਾਏ ਅਤੇ ਪੰਜਾਬ ਦੀ ਜਮਹੂਰੀ ਧਿਰ ਨੂੰ ਵੀ ਸ਼ਾਮਿਲ ਕੀਤੀ ਜਾਏ। ਮੈਂ ਚਾਹਵਾਂਗਾ ਕਿ ਪੰਜਾਬ ਅਤੇ ਬਾਕੀ ਭਾਰਤ ਦੇ ਲੋਕ ਵੀ ਇਸ ਕਿਸਮ ਦੀ ਗੋਲਮੇਜ਼ ਕਾਨ-ਫਰੰਸ ਲਈ ਰਾਏਆਮਾ ਲਾਮਮੰਦ ਕਰਨ। ਪਾਰਲੀ-ਮੈਂਟ ਦੇ ਮੈਂਬਰਾਂ ਨੂੰ ਰਖਿਆ ਪੱਟੀ ਨਾਲੋਂ ਵੱਧ ਇਸ ਗੱਲ ਵਲ ਧਿਆਨ ਦੇਣਾ ਚਾਹੀਦਾ ਹੈ ਕਿ ਪੰਜਾਬ ਵਿਚ ਸਥਾਈ ਤੌਰ ਤੇ ਅਮਨ ਕਿਸ ਤਰ੍ਹਾਂ ਹੋ ਸਕਦਾ ਏ।

**? ਸਿੱਖ ਹਲਕਿਆਂ ਵਿਚ ਇਹ ਆਮ ਕਿਹਾ ਜਾਂਦਾ ਹੈ ਕਿ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਿਆ ਜਾ ਰਿਹਾ ਹੈ, ਕੀ ਤੁਹਾਡਾ ਵੀ ਇਹ**

**ਯਕੀਨ ਹੈ ਕਿ ਜਿਹੜੇ ਟੈਰਰਿਸਟ ਮੁਕਾਬਲੇ ਵਿਚ ਮਾਰੇ ਗਏ ਦਸੇ ਜਾਂਦੇ ਹਨ, ਉਹ ਮੁਕਾਬਲਾ ਨਹੀਂ ਹੁੰਦਾ ?**

– ਭਾਰਤ ਦੀ ਪੁਲਸ ਦਾ ਰੀਕਾਰਡ ਏਨਾਂ ਮਾੜਾ ਹੈ ਕਿ ਲੋਕਾਂ ਨੂੰ ਉਹਨਾਂ ਦੀ ਕਿਸੇ ਵੀ ਕਹੀ ਗੱਲ ਦਾ ਇਤਬਾਰ ਨਹੀਂ । ਲੋਕਾਂ ਨੂੰ ਤਾਂ ਇਹ ਵੀ ਇਤਬਾਰ ਨਹੀਂ ਕਿ ਟੈਲੀਵੀਯਨ ਵਿਚ ਜਿਹੜੇ ਹਥਿਆਰ ਵਿਖਾਏ ਜਾਂਦੇ ਹਨ, ਉਹ ਵਾਕਈ ਟੈਰਰਿਸਟਾਂ ਕੋਲੋਂ ਲਭੇ ਹੋਏ ਹਨ ਕਿ ਉਹਨਾਂ ਉਤੇ ਪੁਲਸ ਨੇ ਅਪਣੇ ਵਲੋਂ ਪਾਏ ਹੁੰਦੇ ਹਨ । ਇਹ ਵੀ ਸੁਣਿਆ ਗਿਆ ਹੈ ਕਿ ਪੁਲਸ ਨੇ ਇਕ ਲਿਸਟ ਬਣਾਈ ਹੋਈ ਹੈ ਕਿ ਕਿਨ੍ਹਾਂ ਨੂੰ ਪਕੜ ਕੇ ਜੇਲ੍ਹ ਵਿਚ ਭੇਜਣਾ ਹੈ ਤੇ ਕਿਨ੍ਹਾਂ ਨੂੰ ਪਕੜ ਕੇ ਉਥੇ ਹੀ ਮਾਰ ਦੇਣਾ ਹੈ । ਇਸ ਨੀਤੀ ਦਾ ਅਧਾਰ ਇਹ ਕਿਹਾ ਜਾਂਦਾ ਹੈ ਕਿ ਟੈਰਰਿਸਟਾਂ ਨੂੰ ਜੇਲ੍ਹਾਂ ਰਿਚ ਰਖਣਾ ਐਵੇਂ ਮੁਫ਼ਤ ਦੀ ਸਿਰਦਰਦੀ ਹੈ, ਕਿਉਂਕਿ ਉਹਨਾਂ ਦੇ ਖਿਲਾਫ ਖੁਲ੍ਹੀ ਅਦਾਲਤ ਵਿਚ ਕਦੀ ਵੀ ਕੋਈ ਕੇਸ ਸਾਬਤ ਨਹੀਂ ਹੋ ਸਕਦਾ । ਕਦੀ ਮੌਕੇ ਦਾ ਗਵਾਹ ਲਭਦਾ ਹੀ ਨਹੀਂ । ਬਹੁਤ ਬੇਹੂਦਾ ਦਲੀਲ ਹੈ ਜਿਹੜੀ ਭਾਰਤ ਦੇ ਕਾਨੂੰਨ ਦੀ ਖੁਲ੍ਹਆਮ ਖਿਲੀ ਉਡਾਂਦੀ ਹੈ । ਸੋ ਇਹਨਾਂ 'ਹਾਲਤਾਂ ਵਿਚ ਜੋ ਕੁਝ ਵਾਪਰ ਰਿਹਾ ਹੈ, ਲੋਕਾਂ ਨੂੰ ਜਿਸ ਵਿਚ ਮੈਂ ਵੀ ਸ਼ਾਮਿਲ ਹਾਂ, ਕਿਸੇ ਗੱਲ ਦਾ ਪੂਰਾ ਸੱਚ ਕਦੀ ਵੀ ਨਹੀਂ ਲਭ ਸਕਦਾ । 1983 ਵਿਚ ਜਮਹੂਰੀ ਅਧਿ-ਕਾਰ ਸਭਾ ਵਲੋਂ ਅਸੀਂ ਕੁਲਵੰਤ ਸਿੰਘ ਨਾਗੋਕੇ ਦੇ ਕੇਸ ਦੀ ਤਪਤੀਸ਼ ਕੀਤੀ ਸੀ, ਉਸ ਵਿਚ ਪੁਲੀਸ ਬਿਲਕੁਲ ਝੂਠੀ ਸਾਬਤ ਹੋਈ ਸੀ ਤੇ ਉਹ ਪੂਰੀ ਤਰ੍ਹਾਂ ਝੂਠਾ ਪੁਲਸ ਮੁਕਾਬਲਾ ਸੀ । ਹਰ ਇਕ ਕੇਸ ਦੀ ਤਪਤੀਸ਼ ਕਰਨੀ ਮੁਮਕਿਨ ਨਹੀਂ । ਬਸਾਂ ਵਿਚ ਸਫ਼ਰ ਕਰਦੇ ਬੇਦੋਸ਼ੇ ਮੁਸਾਫਰਾਂ ਨੂੰ ਮਾਰਨ ਵਾਲਿਆਂ ਉਤੇ ਜਾਂ ਬੇਦੋਸ਼ਿਆਂ ਨੂੰ ਘਰਾਂ ਵਿਚ ਮਾਰਨ ਵਾਲਿਆਂ ਉਤੇ ਕਿਸੇ ਕਿਸਮ ਦਾ ਰਹਿਮ ਨਹੀਂ ਹੋਣਾ ਚਾਹੀਦਾ! ਕੋਈ ਵੀ ਦਲੀਲ ਉਹਨਾਂ ਦੇ ਗੈਰਇਨਸਾਨੀ ਅਮਲ ਨੂੰ ਜਾਇਜ਼ ਨਹੀਂ ਠਹਿਰਾ ਸਕਦੀ ਪਰ ਸਿਰਫ ਖਾਨਾ ਪੂਰੀ ਕਰਨ ਲਈ ਬੇਦੋਸ਼ੇ ਨੌਜਵਾਨਾਂ ਨੂੰ ਝੂਠੇ ਮੁਕਾਬਲੇ ਬਣਾਕੇ ਮਾਰਨ ਵਾਲਿਆਂ ਦਾ ਗੁਨਾਹ ਵੀ ਮੁਆਫ ਨਹੀਂ ਕੀਤਾ ਜਾ ਸਕਦਾ । ਇਸ ਬਾਰੇ ਕਦੀ ਵੀ ਦੋ ਰਾਵਾਂ ਨਹੀਂ ਹੋ ਸਕਦੀਆਂ ।

**? ਸਿਖ ਮੰਗਾਂ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?**

– ਸਿੱਖ ਮੰਗਾਂ ਦੀ ਏਨੀ ਅਹਿਮੀਅਤ ਨਹੀਂ ਰਹੀ, ਜਿੰਨੀ ਅਹਿਮੀਅਤ ਜ਼ਖ਼ਮੀ ਸਿਖ ਮਾਨਸਕਤਾ (Injured Sikh Mantality) ਉਤੇ ਮਰਹਮ ਲਾਉਣ ਦੀ ਹੈ । ਇਹ ਇਲਾਜ ਦੋ ਤਰਕਿਆਂ ਨਾਲ ਹੋ ਸਕਦਾ ਹੈ । ਪਹਿਲਾਂ ਤਾਂ ਇਹ ਕਿ ਸਿਖਾਂ ਨੂੰ ਇਹ ਅਹਿਸਾਸ ਕਰਵਾਇਆ ਜਾਏ ਕਿ ਇਹ ਜਿਹੜੇ ਜ਼ਖਮ ਲਗੇ ਹਨ, ਇਨ੍ਹਾਂ ਚੋਂ ਬਹੁਤੇ ਉਨ੍ਹਾਂ ਦੀਆਂ ਅਪਣੀਆਂ ਗ਼ਲਤੀਆਂ ਕਰਕੇ ਲਗੇ ਹਨ । ਜੂਨ 1984 ਤੋਂ ਪਹਿਲੇ ਡੇਢ ਦੋ ਸਾਲ ਦਾ ਜਿਹੜਾ ਸਮਾਂ ਹੈ, ਉਹ ਇਸ ਕਮਿਊਿਟੀ ਦੇ ਇਤਹਾਸ ਵਿਚ ਕਾਲੇ ਇਤਹਾਸ ਦਾ ਸਮਾਂ ਗਿਣਿਆ ਜਾਏਗਾ ਜਦੋਂ ਭੂਤਰੇ ਹੋਏ ਲੋਕਾਂ ਨੇ ਪੰਜਾਬ ਵਿਚ ਵੀ ਤੇ ਹਰਮੰਦਰ ਸਾਹਿਬ ਵਿਚ ਵੀ ਨਜਾਇਜ਼ ਕਿਸਮ ਦਾ ਖਰੂਦ ਮਚਾਇਆ ਹੋਇਆ ਸੀ ਪਰ ਜੂਨ 1984 ਤੋਂ ਬਾਅਦ ਜੋ ਕੁਝ ਹੋਇਆ ਉਹ ਇਸ ਕਮਿਊਨਿਟੀ ਵਿਰੁਧ ਬਿਲਕੁਲ ਹੀ ਨਾਜਾ-ਇਜ਼ ਸੀ । ਇਹਦਾ ਜ਼ਿਕਰ ਮੈਂ ਪਹਿਲੇ ਹੀ ਕਰ ਚੁੱਕਾ ਹਾਂ । ਪਰ ਸਿਖ ਕਮਿਊਨਿਟੀ ਨੂੰ ਉਹਦੀਆਂ ਗਲਤੀਆਂ ਦਾ ਅਹਿਸਾਸ ਤਾਂ ਹੀ ਕਰਵਾਇਆ ਜਾ ਸਕਦਾ ਹੈ ਜੇ ਭਾਰਤ ਦੀ ਸਰਕਾਰ ਅਪਣੀਆਂ ਗਲਤੀਆਂ ਦਾ ਅਹਿਸਾਸ ਕਰਨ ਵੇਲੇ ਝੂਠੇ ਵਕਾਰ ਤੇ ਨਾ ਖਲੋਵੇ । ਇਸ ਵੇਲੇ ਜੇਕਰ ਤਿੰਨ ਹੀ ਮੰਗਾਂ ਉਤੇ ਕਾਰਵਾਈ ਕੀਤੀ ਜਾਏ ਤਾਂ ਜ਼ਖ਼ਮ ਕਾਫੀ ਹੱਦ ਤਕ ਠੀਕ ਕੀਤੇ ਜਾ ਸਕਦੇ ਹਨ । ਇਹ ਤਿੰਨ ਮੰਗਾਂ ਹਨ –ਪਹਿਲੀ ਜੋਧਪੁਰ ਦੇ ਕੈਦੀਆਂ ਦੀ ਰਿਹਾਈ, (ਇਸ ਵਿਚ ਕੁਝ ਨੂੰ ਜੇਕਰ ਹਾਲੇ ਜੇਲ੍ਹ ਵਿਚ ਰਖਣਾ ਜ਼ਰੂਰੀ ਵੀ ਹੈ ਤਾਂ ਲੋਕਾਂ ਨੂੰ ਦਸਿਆ ਜਾਏ ਕਿ ਕਿਉਂ ਜ਼ਰੂਰੀ ਹੈ) 26 ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਅਤੇ ਉਹਨਾਂ ਦਾ ਕੋਈ ਜੁਰਮ ਨਹੀਂ ਦਸਿਆ ਜਾ ਸਕਿਆ ਤੇ ਨਾ ਹੀ ਕੋਈ ਮੁਕੱਦਮਾ ਚਲਾਇਆ ਜਾ ਸਕਿਆ ਹੈ । ਦੂਜੀ ਮੰਗ ਬਾਗੀ ਫੌਜੀਆਂ ਦੀ ਬਹਾਲਤਾ ਹੈ । ਫੌਜੀਆਂ ਨੇ ਜਿਸ ਹਾਲਤ ਵਿਚ ਬਗ਼ਾਵਤ ਕੀਤੀ ਉਹ ਇਕ ਜਜ਼ਬਾਤੀ ਪ੍ਰਤੀਕਰਮ ਸੀ । ਅਗਰ ਇਹਨਾਂ ਨੂੰ ਫੌਜ ਵਿਚ ਵਾਪਸ ਨਹੀਂ ਲਿਆ ਜਾ ਸਕਦਾ ਤਾਂ ਹੋਰਨਾਂ ਸ਼ੋਰਬਿਆਂ ਵਿਚ ਇਹਨਾਂ ਦਾ ਮੁੜ ਵਸੇਵਾਂ ਕੀਤਾ ਜਾਏ । ਤੀਜੀ ਮੰਗ ਭਗਤ ਦਾ ਮਰਕਜ਼ੀ ਵਜ਼ੀਰ ਰਹਿਣ ਵਿਰੁਧ ਹੈ।ਉਸਦੀ ਨਵੰਬਰ 1984 ਵਿਚ ਬੇਦੋਸ਼ੇ ਸਿਖਾਂ ਦੇ ਕਤਲੋਗਾਰਤ ਵਿਚ ਪੂਰੀ ਸ਼ਹਿ ਸੀ । ਇਹ ਸਾਬਤ ਕਰਨ ਲਈ ਕਿਸੇ ਕਮਿਸ਼ਨ ਦੀ ਲੋੜ ਨਹੀਂ । ਦਿੱਲੀ ਦਾ ਬੱਚਾ ਬੱਚਾ ਇਹ ਜਾਣਦਾ ਹੈ । ਆਖਿਰ ਭਗਤ ਹੋਰਾਂ ਵਿਚ ਕੀ ਖਾਸ ਸਿਫਤ ਹੈ ਕਿ ਉਹ ਦਾ ਕੇਂਦਰੀ ਵਜ਼ਾਰਤ ਵਿਚ ਰਹਿਣਾ ਬਹੁਤ ਜ਼ਰੂਰੀ ਹੈ, ਵਜ਼ਾਰਤੀ ਰੱਦੋਬਦਲ ਵਿਚ ਉਸਨੂੰ ਏਧਰ ਉਧਰ ਲਾਂਭੇ ਕੀਤਾ ਜਾ ਸਕਦਾ ਹੈ । ਹੋਰ ਵੀ ਰੋਜ਼ ਵਜ਼ਾਰਤੀ ਤਬਦੀਲੀਆਂ ਹੁੰਦੀਆਂ

ਹੀ ਰਹਿੰਦੀਆਂ ਹਨ। ਇਹ ਤਿੰਨ ਮੰਗਾਂ ਮੰਨਣ ਨਾਲ ਨਾ ਹੀ ਕੋਈ ਖਾਲਿਸਤਾਨ ਬਣ ਜਾਏਗਾ ਅਤੇ ਨਾ ਹੀ ਦੇਸ਼ ਦੀ ਏਕਤਾ ਨੂੰ ਕੋਈ ਨਵਾਂ ਖਤਰਾ ਹੋਂਦ ਵਿਚ ਆ ਜਾਏਗਾ ਪਰ ਇਹ ਮੰਗਾਂ ਮੰਨਣ ਨਾਲ ਇਕ ਕਮਿਊਨਿਟੀ ਨੂੰ ਦੇਸ਼ ਦੀ ਮੁੱਖ ਧਾਰਾ ਵਿਚ ਵਾਪਸ ਲਿਆਇਆ ਜਾ ਸਕੇਗਾ। ਇਹ ਮਹਿੰਗਾ ਸੌਦਾ ਨਹੀਂ ਹੋਵੇਗਾ, ਇਕ ਪੇਚੀਦਾ ਮਸਲੇ ਦੇ ਹਲ ਵਾਸਤੇ ਇਕ ਠੋਸ ਕਦਮ ਹੋਵੇਗਾ।

**? ਚੰਡੀਗੜ੍ਹ ਬਾਰੇ ਵੀ ਅਸੀਂ ਤੁਹਾਡੇ ਵਿਚਾਰ ਜਾਣਨਾ ਚਾਹਵਾਂਗੇ।**

— ਜਦੋਂ 1966 ਵਿਚ ਪੰਜਾਬੀ ਸੂਬਾ ਬਣਿਆ, ਚੰਡੀਗੜ੍ਹ ਪੰਜਾਬ ਵਿਚ ਆ ਜਾਣਾ ਚਾਹੀਦਾ ਸੀ। ਅਕਾਲੀ ਦਲ ਨੂੰ ਜੋ ਪੰਜਾਬੀ ਸੂਬਾ ਬਨਵਾਉਣ ਲਈ ਵੱਡੀ ਧਿਰ ਸੀ, ਚੰਡੀਗੜ੍ਹ ਦਾ ਫੈਸਲਾ ਕਰਵਾਏ ਬਗੈਰ ਪੰਜਾਬੀ ਸੂਬਾ ਨਹੀਂ ਲੈਣਾ ਚਾਹੀਦਾ ਸੀ, ਇਹ ਕਦੀ ਵੀ ਨਹੀਂ ਮੰਨਣਾ ਚਾਹੀਦਾ ਸੀ ਕਿ ਕਮਿਸ਼ਨ ਬਾਅਦ ਵਿਚ ਫੈਸਲਾ ਕਰੇਗਾ। ਇਸੇ ਤਰ੍ਹਾਂ ਹੋਰ ਇਲਾਕਿਆਂ ਬਾਰੇ ਵੀ ਤਿੰਨ ਚਾਰ ਮਹੀਨਿਆਂ ਵਿਚ ਫੈਸਲਾ ਹੋ ਸਕਦਾ ਸੀ। ਪਰ ਅਕਾਲੀ ਦਲ ਨੇ ਕਾਹਲ ਕੀਤੀ ਉਸ ਨੂੰ ਜਾਂ ਕੁਰਸੀ ਸਾਂਭਣ ਦੀ ਕਾਹਲ ਸੀ ਜਾਂ ਉਹਦੀਆਂ ਹੋਰ ਹੀ ਫਿਰਕੂ ਗਿਣ-ਤੀਆਂ ਮਿਣਤੀਆਂ ਸਨ, ਇਹ ਕਿਹਾ ਨਹੀਂ ਜਾ ਸਕਦਾ ਚੰਡੀਗੜ੍ਹ ਦੇ ਮੱਸਲੇ ਤੇ ਪੰਜਾਬ ਅਤੇ ਹਰਿਆਣੇ ਦੇ ਲੋਕਾਂ ਵਿਚ ਜੋ ਵਿਘਣ ਪਿਆ ਹੈ ਉਹ ਅਫਸੋਸਨਾਕ ਗੱਲ ਹੈ। ਚੰਡੀਗੜ੍ਹ ਦੇ ਝਗੜੇ ਤੋਂ ਇਲਾਵਾ ਹੋਰ ਕੋਈ ਵੀ ਝਗੜਾ ਨਹੀਂ ਸੀ। ਹਿਮਾਚਲ ਵਾਲੇ ਵੱਖਰਾ ਸੂਬਾ ਬਣਾ ਕੇ ਚੰਗੇ ਰਹੇ, ਹਰਿਆਣਾ ਵਾਲੇ ਲੋਕ ਵੀ ਪੰਜਾਬ ਤੋਂ ਵੱਖ ਹੋ ਕੇ ਸੁਖੀ ਹੀ ਹੋਏ, ਪੰਜਾਬ ਵਾਲਿਆਂ ਨੂੰ ਵੀ ਪੰਜਾਬੀ ਸੂਬਾ ਮਿਲ ਗਿਆ। ਵੀਹ ਸਾਲਾਂ ਵਿਚ ਹੁਣ ਬਹੁਤ ਪਾਣੀ ਪੁਲਾਂ ਥਲਿਓਂ ਲੰਘ ਗਿਆ ਹੈ। ਚੰਡੀਗੜ੍ਹ ਸ਼ਹਿਰ ਦਾ ਇਕੱਠੀ ਰਾਜਧਾਨੀ ਦੇ ਤੌਰ ਤੇ ਇਕ ਵੱਖਰਾ ਚਰਿਤਰ ਬਣ ਗਿਆ ਹੈ। ਇਧਰੋਂ ਮੁਹਾਲੀ, ਉਧਰ ਪੰਚਕੂਲਾ ਵੱਖਰੇ ਕੰਪਲੈਕਸ ਬਣ ਗਏ ਹਨ। ਉੱਤਰੀ ਜ਼ੋਨ ਦੀਆਂ ਕੁਝ ਕੇਂਦਰੀ ਇੰਸਟੀਚੂਟ ਇਥੇ ਬਣ ਗਈਆਂ ਹਨ। ਇਸ ਲਈ ਇਸ ਸ਼ਹਿਰ ਨੂੰ ਹੁਣ ਇਸੇ ਤਰ੍ਹਾਂ ਰਹਿਣ ਦੇਣਾ ਚਾਹੀਦਾ ਹੈ। ਚੰਡੀਗੜ੍ਹ ਦੇ ਵਸਨੀਕਾਂ ਦੀ ਵੀ ਇਹ ਜ਼ਾਹਰਾ ਰਾਏ ਲੱਗਦੀ ਹੈ। ਪੰਜਾਬ ਅਤੇ ਹਰਿਆਣਾ ਨੂੰ ਆਪਣੇ ਆਪਣੇ ਸ਼ਹਿਰਾਂ ਦੇ ਵਿਕਾਸ ਵੱਲ ਵੱਧ ਧਿਆਨ ਦੇਣਾ ਚਾਹੀਦਾ ਹੈ ਜੋ ਗੰਦਗੀ ਦਾ ਢੇਰ ਬਣਦੇ ਜਾ ਰਹੇ ਹਨ। ਅੰਮ੍ਰਿਤਸਰ ਦੀ ਵਿਗੜਦੀ ਹਾਲਤ ਮੈਂ ਸਾਹਮਣੇ ਦੇਖ ਰਿਹਾ ਹਾਂ, ਇਹ ਮੇਰੀ ਇਕ ਨਿੱਜੀ ਰਾਏ ਹੈ। ਉਂਜ ਗੋਲਮੇਜ਼ ਕਾਨਫਰੰਸ ਤੇ ਇਸ ਸ਼ਹਿਰ ਦਾ ਵੀ ਫੈਸਲਾ ਹੋ ਸਕਦਾ ਹੈ ਇਹ ਕੋਈ ਜ਼ਿੰਦਗੀ ਮੌਤ ਦਾ ਮਸਲਾ ਨਹੀਂ। ਚੰਡੀਗੜ੍ਹ ਵਰਗੇ ਕਈ ਸ਼ਹਿਰ ਨਵੇਂ ਵਸਾਏ ਜਾ ਸਕਦੇ ਹਨ।

**? ਤੁਹਾਡੇ ਵਿਚਾਰਾਂ ਤੋਂ ਲਗਦੈ ਕਿ ਤੁਸੀਂ ਫਿਰਕੂ ਪਾਰਟੀਆਂ ਨਾਲੋਂ ਕਾਂਗਰਸ ਪਾਰਟੀ ਨੂੰ ਵੱਧ ਦੋਸ਼ੀ ਠਹਿਰਾਉਂਦੇ ਹੋ, ਕੀ ਇਹ ਠੀਕ ਹੈ?**

— ਹਾਂ ਇਹ ਠੀਕ ਹੈ, ਕਿਉਂਕਿ ਮੈਂ ਸਮਝਦਾ ਹਾਂ ਕਿ ਕੇਂਦਰ ਦੀ ਕਾਂਗਰਸੀ ਸਰਕਾਰ ਭਾਵੇਂ ਪਹਿਲੇ ਇੰਦਰਾ ਗਾਂਧੀ ਦੀ ਸੀ ਤੇ ਹੁਣ ਰਾਜੀਵ ਦੀ ਹੈ ਅਤੇ ਉਹਨਾਂ ਦੇ ਪੰਜਾਬ ਵਿਚ ਜੋ ਚੇਲੇ-ਚਾਪੜੇ ਹਨ ਉਹ ਦੰਭ ਦੀ ਸਿਆਸਤ ਚਲਾਂਦੇ ਹਨ। ਉਤੋਂ ਉਤੋਂ ਬਿਆਨ ਦੇਣਗੇ ਕਿ ਲੋਕਾਂ ਨੂੰ ਫਿਰਕੂ ਸਿਆਸਤ ਤੋਂ ਬੱਚ ਕੇ ਰਹਿਣਾ ਚਾਹੀਦਾ ਹੈ, ਪਰ ਹਰ ਇਕ ਉਸ ਨੀਤੀ ਉਤੇ ਅਮਲ ਕਰਨਗੇ ਜੋ ਲੋਕਾਂ ਵਿਚ ਫਿਰਕੂ ਨਫਰਤ ਨੂੰ ਜਨਮ ਦੇਵੇਗੀ। ਪਿਛਲੇ ਅੱਠ ਮਹੀਨਿਆਂ ਵਿਚ ਹੀ ਦੇਖੋ, ਕਦੀ ਮੈਥਊ ਕਮਿਸ਼ਨ, ਕਦੀ ਵੈਨਕਟਾਰਮਨ ਕਮਿਸ਼ਨ, ਕਦੀ ਰਖਿਆ ਬੈਲਟ ਹਰ ਦੂਜੇ ਤੀਜੇ ਮਹੀਨੇ ਐਸਾ ਇਕ ਸ਼ੋਸ਼ਾ ਸ਼ੁਰੂ ਕਰ ਦੇਂਦੇ ਜੋ ਪੰਜਾਬ ਵਿਚ ਟਿੱਕਟਕਾ ਹੋਣ ਹੀ ਨਹੀਂ ਦੇਂਦਾ। ਇਸ ਲਈ ਜਦੋਂ ਇਤਿਹਾਸ ਲਿਖਿਆ ਜਾਵੇਗਾ ਪੰਜਾਬ ਦੇ ਸੰਕਟ ਲਈ ਕੇਂਦਰ ਦੀ ਸਰਕਾਰ ਅਤੇ ਕਾਂਗਰਸ ਪਾਰਟੀ ਹੀ ਮੁੱਖ ਜ਼ਿੰਮੇਵਾਰ ਠਹਿਰਾਈ ਜਾਏਗੀ।

**? ਰਬੈਰੋ ਬਾਰੇ ਕੀ ਖਿਆਲ ਹੈ?**

— ਰਬੈਰੋ ਇਕ ਪੁਲਸ ਮੁੱਖੀ ਦੇ ਤੌਰ ਤੇ ਆਪਣੀ ਜ਼ਿੰਮੇਵਾਰੀ ਨਿਭਾ ਰਿਹਾ ਹੈ। ਜੇਕਰ ਉਹ ਬੇਦੋਸ਼ਿਆਂ ਦੇ ਕਤਲ ਬੰਦ ਕਰਵਾ ਸਕੇ ਜਾਂ ਉਹਨਾਂ ਹਤਿਆਰਿਆਂ ਨੂੰ ਕਾਬੂ ਕਰਨ ਵਿਚ ਸਫਲ ਹੋ ਜਾਵੇ ਜੋ ਇਨਸਾਨੀਅਤ ਦਾ ਰਾਹ ਛੱਡ ਗਏ ਹਨ, ਤਾਂ ਇਹ ਉਹਦੀ ਪ੍ਰਾਪਤੀ ਹੋਵੇਗੀ। ਝੂਠੇ ਪੁਲਸ ਮੁਕਾਬਲੇ ਦੇ ਦਾਗ ਤੋਂ ਉਹਨੂੰ ਆਪਣੇ ਆਪ ਨੂੰ ਬਚਾਕੇ ਰਖਣਾ ਚਾਹੀਦਾ ਹੈ। ਪਰ ਪੰਜਾਬ ਦਾ ਮਸਲਾ ਸਿਰਫ ਰਬੈਰੋ ਵਾਲਾ ਹੱਲ ਨਹੀਂ ਮੰਗਦਾ, ਉਹ ਸਿਆਸੀ ਹਲ ਮੰਗਦਾ ਹੈ।

**? ਸਾਨੂੰ ਦਸਿਆ ਗਿਆ ਹੈ ਕਿ ਤੁਸੀਂ ਪੰਜਾਬ ਦੇ ਮਸਲੇ ਬਾਰੇ ਬਹੁਤ ਸਾਰੇ ਨਾਟਕ ਲਿਖੇ ਹਨ;**

**ਉਹਨਾਂ ਬਾਰੇ ਸਾਨੂੰ ਕੁਝ ਦੱਸ ਸਕੋਗੇ।**

– ਮੈਂ ਪਿਛਲੇ ਚਾਰ ਸਾਲਾਂ ਵਿਚ ਇਸ ਮਸਲੇ ਤੇ ਕੋਈ ਪੰਜ ਛੇ ਨਾਟਕ ਲਿਖੇ ਹਨ। ਇਹਨਾਂ ਸਾਰੇ ਨਾਟਕਾਂ ਵਿਚ ਮੈਂ ਇਕ ਸਾਧਾਰਨ ਬੰਦੇ ਦਾ ਪੱਖ ਲਿਆ ਹੈ, ਜੋ ਖਾਹਮਖਾਹ ਭੈੜੀ ਸਿਆਸਤ ਕਰਕੇ ਮਾਰਿਆ ਜਾ ਰਿਹਾ ਹੈ। ਪਹਿਲਾ ਨਾਟਕ ਇਸ ਸਿਲਸਲੇ ਵਿਚ 'ਸਾਧਾਰਨ ਲੋਕ' ਦੇ ਨਾਂ ਥਲੇ ਹੀ ਸੀ। ਫੇਰ ਇਕ ਨਾਟਕ ਲਿਖਿਆ 'ਇਕ ਕੁਰਸੀ, ਇਕ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ'। ਇਸ ਵਿਚ ਮੈਂ ਸਪੱਸ਼ਟ ਤੌਰ ਤੇ ਇਹ ਕਿਹਾ ਕਿ ਨਾ ਹੀ ਕੁਰਸੀ ਤੇ ਬੈਠੇ ਹੋਏ ਲੋਕ ਅਤੇ ਨਾ ਹੀ ਮੋਰਚੇ ਵਾਲੇ ਇਸ ਗੱਲ ਵਿਚ ਦਿਲਚਸਪੀ ਰਖਦੇ ਹਨ ਕਿ ਉਹ ਸਾਧਾਰਨ ਲੋਕਾਂ ਦੇ ਮਸਲੇ ਜਿਹੜੇ ਬੇਰੁਜ਼ਗਾਰੀ ਦੇ ਹਨ, ਕਿਸਾਨਾਂ ਦੀ ਫਸਲ ਮੰਡੀਆਂ ਵਿਚ ਰੁਲਣ ਦੇ ਹਨ, ਉਹਨਾਂ ਨੂੰ ਠੀਕ ਭਾਅ ਨਾ ਮਿਲਣ ਦੇ ਹਨ, ਕਦੀ ਵੀ ਹਲ ਕਰਨ। ਸਾਧਾਰਨ ਲੋਕ ਇਹਨਾਂ ਬੇਫਾਇਦਾ ਟਕਰਾਂ ਵਿਚ ਬਿਲਕੁਲ ਹਵਾ ਵਿਚ ਲਟਕੇ ਹੋਏ ਹਨ। ਇੰਦਰਾ ਗਾਂਧੀ ਦੀ ਹਤਿਆ ਦੇ ਬਾਅਦ ਜਿਹੜੀ ਦਿੱਲੀ ਵਿਚ ਕਤਲੇਆਮ ਹੋਈ, ਉਸ ਬਾਰੇ ਨਾਟਕ 'ਬਾਬਾ ਬੋਲਦਾ ਹੈ' ਕਾਫੀ ਮਕਬੂਲ ਹੋਇਆ। ਉਸ ਵਿਚ ਮੈਂ ਦਿੱਲੀ ਬੈਠੇ ਕਾਂਗਰਸੀ ਹਾਕਮਾਂ ਦੇ ਦੰਭ ਨੂੰ ਨੰਗਾ ਕੀਤਾ ਅਤੇ ਨਾਲ ਹੀ ਜਥੇਦਾਰਾਂ ਉਤੇ ਇਹ ਇਲਜ਼ਾਮ ਦੀ ਉਂਗਲ ਰਖੀ ਕਿ ਉਹਨਾਂ ਦੀਆਂ ਗਲਤ ਨੀਤੀਆਂ ਕਰਕੇ ਹੀ ਸਾਧਾਰਨ ਸਿਖਾਂ ਦੀ ਇਹ ਹਾਲਤ ਹੋਈ ਹੈ। ਉਸ ਵਿਚ ਅਨੰਦਪੁਰ ਸਾਹਿਬ ਰੈਜ਼ੂਲੇਸ਼ਨ ਬਾਰੇ ਮੇਰੀ ਇਹ ਟਿਪਣੀ ਸੀ ਕਿ ਧਰਤੀ ਦਾ ਐਸਾ ਟੋਟਾ ਨਾ ਮੰਗੋ ਜਿਥੇ ਸਿਖਾਂ ਦਾ ਬੋਲਬਾਲਾ ਹੋਵੇ ਸਗੋਂ ਸਾਰਾ ਹਿੰਦੋਸਤਾਨ ਮੰਗੋ ਜਿਥੇ ਕ੍ਰਿਤੀਆਂ ਦਾ ਬੋਲਬਾਲਾ ਹੋਵੇ। ਗਵਰਨਰੀ ਰਾਜ ਵਿਚ ਇਹ ਨਾਟਕ ਜਦੋਂ ਕਿਸੇ ਗਰੁੱਪ ਵਲੋਂ ਚੰਦੀਗੜ੍ਹ ਖੇਡਿਆ ਗਿਆ ਤਾਂ ਕਾਂਗਰਸੀ ਹਾਕਮਾਂ ਨੇ ਇਸ ਉਤੇ ਪਾਬੰਧੀ ਲਗਾ ਦਿਤੀ। ਰਾਜੀਵ ਲੌਂਗੋਵਾਲ ਸਮਝੌਤੇ ਬਾਅਦ ਮੈਂ ਨਾਟਕ 'ਕੁਲਾਜ ਤੇਰਾ ਨਾਮ ਪੰਜਾਬ' ਲਿਖਿਆ ਇਸ ਵਿਚ ਜਿਥੇ ਇਸ ਸਮਝੌਤੇ ਨੂੰ ਜੀ ਆਇਆਂ ਆਖਿਆ ਗਿਆ, ਉਥੇ ਇਹ ਟਿਪਣੀ ਵੀ ਕੀਤੀ ਜੇਕਰ ਇਹ ਸਮਝੌਤਾ 1985 ਦੀ ਥਾਂ 1981, 82, 83 ਜਾਂ 84 ਵਿਚ ਹੋ ਜਾਂਦਾ ਤਾਂ ਸਾਰੀ ਤਬਾਹੀ ਜੋ ਹੋਈ ਉਹ ਨਾ ਹੁੰਦੀ। ਇਸ ਸਮਝੌਤੇ ਵਿਚ ਕੋਈ ਵੀ ਐਸੀ ਧਾਰਾ ਨਹੀਂ ਸੀ, ਜਿਸ ਬਾਰੇ ਫੈਸਲਾ ਪਹਿਲੇ ਨਹੀਂ ਹੋ ਸਕਦਾ ਸੀ। ਜਦੋਂ ਬਰਨਾਲਾ ਦੀ ਵਜ਼ਾਰਤ ਬਣੀ ਤੇ ਉਸ ਵਿਚ ਸੁਖਜਿੰਦਰ ਸਿੰਘ ਵਿਦਿਆ ਮੰਤਰੀ ਬਣਿਆ। ਇਹ ਸੁਖਜਿੰਦਰ ਸਿੰਘ ਉਹੋ ਸੀ ਜੋ ਤਿੰਨ ਸਾਲ ਪਹਿਲੇ ਸਾਰਿਆਂ ਨਾਲੋਂ ਵੱਧ ਖਾਲਿਸਤਾਨੀ ਸੀ ਤੇ ਜਿਸ ਦੀਆਂ ਅੱਗ ਵਰਾਂਉਂਦੀਆਂ ਤਕਰੀਰਾਂ ਕਈ ਨੌਜਵਾਨਾਂ ਨੂੰ ਦਹਿਸ਼ਤਗਰਦੀ ਦੇ ਰਾਹ ਤੇ ਲਿਆਈਆਂ ਸਨ, ਹੁਣ ਉਹਦਾ ਵਜ਼ਾਰਤ ਵਿਚ ਆਉਣਾ ਤੇ ਕੌਮੀ ਏਕਤਾ ਬਾਰੇ ਗੱਲਾਂ ਕਰਨੀਆਂ ਬੜਾ ਭਾਰੀ ਰਾਜਸ਼ੀ ਦੰਭ ਸੀ। ਇਸ ਬਾਰੇ ਮੈਂ ਆਪਣਾ ਬਹੁ ਚਰਚਿਤ ਨਾਟਕ 'ਮੈਂ ਉਗਰਵਾਦੀ ਨਹੀਂ ਹਾਂ' ਲਿਖਿਆ। ਇਹ ਇਕ ਨੌਜਵਾਨ ਦੀ ਕਹਾਣੀ ਸੀ, ਜੋ ਹਰਿਮੰਦਰ ਸਾਹਿਬ ਆ ਕੇ ਭਿੰਡਰਾਂਵਾਲਾ ਦਾ ਸਹਿਯੋਗੀ ਬਣਿਆ। ਉਪਰੇਸ਼ਨ ਬਲਿਊ ਸਟਾਰ ਬਾਅਦ ਉਹਨੇ ਬੜੇ ਤਸੀਹੇ ਝਲੇ। ਇਕ ਲੱਤ ਵੀ ਉਹਦੀ ਤੋੜ ਦਿਤੀ ਗਈ। ਹੁਣ ਉਹ ਜਦੋਂ ਸੁਖਜਿੰਦਰ ਸਿੰਘ ਨੂੰ ਦੇਸ਼ ਏਕਤਾ ਦੀ ਗੱਲ ਕਰਦਾ ਅਤੇ ਨੌਜਵਾਨਾਂ ਨੂੰ ਇਹ ਨਸੀਹਤ ਦੇਂਦਾ ਸੁਣਦਾ ਹੈ ਕਿ ਉਹਨਾਂ ਨੂੰ ਉਗਰਵਾਦ ਦਾ ਰਾਹ ਛੱਡ ਦੇਣਾ ਚਾਹੀਦਾ ਹੈ ਤਾਂ ਉਹ ਜਲਸੇ ਵਿਚ ਹੀ ਕੂਕ ਉਠਦਾ ਹੈ ਕਿ ਅਸੀਂ ਉਗਰਵਾਦੀ ਨਹੀਂ ਹਾਂ, ਉਗਰਵਾਦੀ ਤੂੰ ਏਂ। ਪੁਲਸ ਉਸ ਉਤੇ ਝਪਟਦੀ ਹੈ ਕਿ ਫੜ ਲਓ ਇਹ ਉਗਰਵਾਦੀ ਹੈ ਤਾਂ ਉਹ ਦੌੜਦਾ ਹੋਇਆ ਕਹਿੰਦਾ ਹੈ ਕਿ ਮੈਂ ਉਗਰਵਾਦੀ ਨਹੀਂ ਹਾਂ। ਮੈਂ ਇਸ ਨਾਟਕ ਵਿਚ ਜਿਹੜਾ ਪਾਤਰ ਮੰਤਰੀ ਹੈ, ਉਹਦਾ ਨਾਂ ਵੀ ਬਾਕਾਇਦਾ ਸੁਖਜਿੰਦਰ ਸਿੰਘ ਹੀ ਰਖਿਆ ਤਾਂ ਜੋ ਕੋਈ ਭੁਲੇਖਾ ਨਾ ਰਵੇ ਕਿ ਮੈਂ ਗੱਲ ਕਿਸ ਦੇ ਬਾਰੇ ਕਰ ਰਿਹਾ ਹਾਂ। ਹੁਣ ਅਜ ਕਲ ਜੋ ਕੁਝ ਵਾਪਰ ਰਿਹਾ ਹੈ, ਉਹਦੇ ਬਾਰੇ ਤਿੰਨ ਨਾਟਕ ਲਿਖੇ ਹਨ– 'ਚੰਦੀਗੜ੍ਹ ਪੁਆੜੇ ਦੀ ਜੜ੍ਹ', 'ਕਰਫ਼ਿਊ' ਅਤੇ 'ਸ਼ਰ-ਨਾਰਥੀ'। ਇਹਨਾਂ ਤਿੰਨਾਂ ਨਾਟਕਾਂ ਵਿਚ ਮੈਂ ਸਾਧਾਰਨ ਮਨੁੱਖਾਂ ਦਾ ਦੁੱਖ ਦਸਿਆ ਹੈ ਜੋ ਦੰਭੀ ਰਾਜਨੀਤੀ ਦਾ ਸ਼ਿਕਾਰ ਹੋਏ ਹਨ। ਉਹਨਾਂ ਨੂੰ ਮੈਂ ਸੱਦਾ ਦਿਤਾ ਹੈ ਕਿ ਜਿੰਨਾ ਚਿਰ ਉਹ ਇਸ ਰਾਜਨੀਤੀ ਦੇ ਵਿਰੁੱਧ ਬਗਾਵਤ ਨਹੀਂ ਕਰਨਗੇ ਉਹ ਇਸੇ ਤਰ੍ਹਾਂ ਮਰਦੇ-ਰਹਿਣਗੇ, ਘਰੋਂ ਬੇ-ਘਰ ਹੁੰਦੇ ਰਹਿਣਗੇ।

**? ਤੁਹਾਡੀ ਗੋਲਮੇਜ਼ ਸਮਝੌਤੇ ਦੀ ਤਜਵੀਜ਼ ਵੱਲ ਆਂਦੇ ਹਾਂ। ਸਮਝੌਤੇ ਦੀਆਂ ਗੱਲਾਂ ਪਹਿਲੇ ਵੀ ਹੋਈਆਂ, ਹੁਣ ਕੀ ਗਰੰਟੀ ਹੈ ਕਿ ਉਹ ਕਾਮਯਾਬ ਹੋ ਜਾਣਗੀਆਂ।**

–ਗਰੰਟੀ ਕੋਈ ਨਹੀਂ ਪਰ ਮਸਲਾ ਕੋਈ ਵੀ ਹੋਵੇ ਭਾਵੇਂ ਅੰਤਰਰਾਸ਼ਟਰੀ ਹੋਵੇ, ਭਾਵੇਂ ਰਾਸ਼ਟਰੀ ਹੋਵੇ ਤੇ ਭਾਵੇਂ ਪੰਜਾਬ ਦਾ ਹੋਵੇ, ਅਖੀਰ ਉਹਦਾ ਹਲ ਤਾਂ ਸਮਝੌਤੇ ਵਾਲੀ ਮੇਜ਼ ਤੇ ਹੀ ਹੋਣਾ ਹੈ। ਅਮਰੀਕਾ ਰੂਸ ਹਰ ਤੀਜੇ ਚੌਥੇ ਮਹੀਨੇ ਕਿਸੇ ਨਾਂ ਕਿਸੇ ਥਾਂ ਤੇ

ਜਾਂ ਕਿਸੇ ਨਾ ਕਿਸੇ ਬਹਾਨੇ ਗੱਲਬਾਤ ਕਰਦੇ ਹਨ। ਜ਼ਰੂਰੀ ਨਹੀਂ ਕਿ ਗੱਲਬਾਤ ਸਫ਼ਲ ਹੋਏ ਪਰ ਦਰਵਾਜ਼ੇ ਕਦੀ ਵੀ ਬੰਦ ਨਹੀਂ ਕੀਤੇ ਜਾ ਸਕਦੇ। ਪੰਜਾਬ ਦੇ ਮਸਲੇ ਬਾਰੇ ਦਰਵਾਜ਼ੇ ਕਿਸ ਤਰਾਂ ਬੰਦ ਕੀਤੇ ਜਾ ਸਕਦੇ ਹਨ ? ਉਂਜ ਹੁਣ ਰਾਜੀਵ ਨੂੰ ਅਤੇ ਬਰਨਾਲਾ ਨੂੰ ਵੀ ਏਲਾਨੀਆਂ ਮੰਨ ਲੈਣਾ ਚਾਹੀਦਾ ਹੈ ਕਿ ਰਾਜੀਵ ਲੌਂਗੋਵਾਲ ਸਮਝੌਤਾ ਖਤਮ ਹੋ ਗਿਆ ਹੈ ਤੇ ਮਰੇ ਹੋਏ ਘੋੜੇ ਨੂੰ ਚਾਬਕਾਂ ਮਾਰੀਆਂ ਜਾਣੀਆਂ ਕੋਈ ਅਕਲਮੰਦੀ ਨਹੀਂ। ਹੁਣ ਨਵੇਂ ਸਮਝੌਤੇ ਦੀ ਲੋੜ ਹੈ ਤੇ ਉਹ ਸਰਵਪੱਖੀ ਹੋਣਾ ਚਾਹੀਦਾ ਹੈ।

**? ਅਸੀਂ ਸੁਣਿਆ ਹੈ ਕਿ ਤੁਸੀਂ ਪੰਜਾਬ ਵਿਚ ਕੋਈ ਇਨਕਲਾਬੀ ਕੇਂਦਰ ਬਨਾਉਣ ਦੀ ਸੋਚ ਰਹੇ ਹੋ, ਇਹਦੇ ਬਾਰੇ ਚਾਨਣਾ ਪਾਵੋ।**

–ਮੈਂ ਨਹੀਂ ਸੋਚ ਰਿਹਾ, ਸਗੋਂ ਅਸੀਂ ਬਹੁਤ ਸਾਰੇ ਸੋਚ ਰਹੇ ਹਾਂ ਕਿ ਪੰਜਾਬ ਵਿਚ ਇਕ ਕੇਂਦਰ ਐਸਾ ਹੋਣਾ ਚਾਹੀਦਾ ਹੈ, ਜੋ ਪੰਜਾਬ ਵਿਚ ਇਨਕਲਾਬੀ ਸਿਆਸਤ ਨੂੰ ਅੱਗੇ ਲੈ ਕੇ ਜਾਏ। ਇਨਕੱਲਾਬੀ ਸਿਆਸਤ ਤੋਂ ਮੇਰਾ ਭਾਵ ਹੈ ਕਿ ਉਹ ਸਿਆਸਤ ਜੋ ਐਸਾ ਸਮਾਜ ਬਨਾਉਣ ਲਈ ਵਚਨਬੱਧ ਹੋਵੇ ਜਿਸਦਾ ਅਧਾਰ ਸਮਾਜਕ ਇਨਸਾਫ ਹੋਵੇ। ਵੀਹਵੀਂ ਸਦੀ ਦਾ ਅਖੀਰ ਆ ਗਿਆ ਹੈ। ਮਨੁੱਖ ਚੰਨ ਤੱਕ ਪੁੱਜ ਗਿਆ ਹੈ। ਕੋਈ ਕਾਰਨ ਨਹੀਂ ਕਿ ਕਿਸੇ ਵੀ ਦੇਸ਼ ਦੀ ਅੱਧੀ ਵਸੋਂ ਭੁੱਖਮਰੀ ਦੇ ਪੱਧਰ ਦੇ ਥੱਲੇ ਜੀਵੇ, ਕੋਈ ਕਾਰਨ ਨਹੀਂ ਕਿ ਦੇਸ਼ ਦੇ ਇਕ ਚੌਥਾਈ ਪਿੰਡਾਂ ਵਿਚ ਪੀਣ ਵਾਲਾ ਪਾਣੀ ਵੀ ਨਾ ਮੁਹੱਈਆ ਕੀਤਾ ਜਾ ਸਕੇ। ਤੇ ਹੋਰ ਕਿੰਨੀਆਂ ਗੱਲਾਂ ਜਿਨ੍ਹਾਂ ਨੇ ਕ੍ਰੋੜਾਂ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਣਾਇਆ ਹੋਇਆ ਹੈ। ਸਮਾਜਕ ਇਨਸਾਫ ਸਾਰੇ ਲੋਕਾਂ ਨੂੰ ਤਾਂ ਹੀ ਮਿਲ ਸਕਦਾ ਹੈ, ਜੇਕਰ ਇਹ ਗੁਣ ਵਾਲੇ ਨਿਜ਼ਾਮ ਨੂੰ ਖਤਮ ਕੀਤਾ ਜਾਏ ਜਿਸਦੀਆਂ ਜੜ੍ਹਾਂ ਹੀ ਸਮਾਜਕ ਬੇਇਨਸਾਫੀ, ਅਮੀਰ ਗਰੀਬ ਵਿਚ ਵਿਤਕਰੇ ਅਤੇ ਉਚ ਨੀਚ ਦੇ ਸਿਧਾਂਤ ਉਤੇ ਕਾਇਮ ਹਨ। ਇਹ ਨਿਜ਼ਾਮ ਖਤਮ ਤਾਂ ਹੀ ਹੋ ਸਕਦਾ ਹੈ ਜੇਕਰ ਸਾਧਾਰਨ ਲੋਕਾਂ ਵਿਚ ਇਸ ਗੱਲ ਦੀ ਚੇਤਨਤਾ ਲਿਆਂਦੀ ਜਾਏ ਕਿ ਜਿਹੜੀ ਜ਼ਿੰਦਗੀ ਉਹ ਜੀ ਰਹੇ ਹਨ, ਉਹ ਵੀਹਵੀਂ ਸਦੀ ਵਿਚ ਮਨੁੱਖ ਦੇ ਜੀਣ ਦੇ ਕਾਬਲ ਨਹੀਂ ਅਤੇ ਇਹਨੂੰ ਬਦਲਨਾ ਹੈ। ਪਰ ਬਦਲ ਇਹ ਤਾਂ ਹੀ ਸਕਦੀ ਹੈ ਜੇਕਰ ਸੰਘਰਸ਼ ਸਹੀ ਦਿਸ਼ਾ ਵੱਲ ਕੀਤੇ ਜਾਣ। ਇਨਕਲਾਬ ਕੇਂਦਰ ਦਾ ਇਹੀ ਨਿਸ਼ਾਨਾ ਹੈ। ਪੰਜਾਬ ਵਿਚ ਇਸ ਕੇਂਦਰ ਦੀ ਹੋਰ ਵੀ ਲੋੜ ਹੈ ਕਿਉਂਕਿ ਇਥੇ ਧਾਰਮਕ ਜਨੂੰਨ ਦੀ ਧੁੰਦ ਵਿਚ ਦਿਸ਼ਾ ਹੋਰ ਵੀ ਧੁੰਦਲੀ ਹੋ ਗਈ ਹੈ। ਪਿਛਲੇ ਦੌਰ ਨੇ ਇਹ ਸਾਬਤ ਕਰ ਦਿਤਾ ਹੈ ਕਿ ਬੜੇ ਔਖੇ ਹਾਲਾਤ ਵਿਚ ਵੀ ਪੰਜਾਬ ਦੇ ਇਨਕਲਾਬੀ ਕੇਡਰ ਨੇ ਬੜੀ ਦ੍ਰਿੜਤਾ ਨਾਲ ਇਕ ਪਾਸੇ ਹਕੂਮਤ ਦੀਆਂ ਫਾਸੀ ਨੀਤੀਆਂ ਵਿਰੁੱਧ ਅਤੇ ਦੂਜੇ ਪਾਸੇ ਧਾਰਮਕ ਦਹਿਸ਼ਤਗਰਦੀ ਵਿਰੁੱਧ ਸੰਘਰਸ਼ ਕੀਤਾ ਹੈ। ਇਕ ਕੇਂਦਰ ਦਾ ਮਤਲਬ ਇਹਨਾਂ ਸ਼ਕਤੀਆਂ ਨੂੰ ਇਕ ਥਾਂ ਇਕੱਠੇ ਕਰਨਾ ਹੈ ਤਾਂ ਜੋ ਉਹ ਆਪਣੇ ਸੂਬੇ ਅਤੇ ਦੇਸ਼ ਦੇ ਹਾਲਾਤ ਵਿਚ ਅਸਰਦਾਇਕ ਤਰੀਕੇ ਨਾਲ ਦਖਲਅੰਦਾਜ਼ੀ ਕਰ ਸਕਣ।

**? ਇਸ ਕੇਂਦਰ ਦੀ ਰੂਪ ਰੇਖਾ ਕੀ ਹੋਵੇਗੀ ?**

–ਇਸਦਾ ਫੈਸਲਾ ਤਾਂ 9 ਨਵੰਬਰ ਦੀ ਕਾਨਫਰੰਸ ਵਿਚ ਹੀ ਹੋ ਸਕੇਗਾ ਜੋ ਦੇਸ਼ ਭਗਤ ਹਾਲ ਜਲੰਧਰ ਵਿਚ ਬੁਲਾਈ ਗਈ ਹੈ। ਕੀ ਇਹ ਘੱਟ ਤੋਂ ਘੱਟ ਨਿਸ਼ਾਨੇ ਮਿਥ ਕੇ ਸਾਂਝੀਆਂ ਕਾਰਵਾਈਆਂ ਦਾ ਕੇਂਦਰ (Action Based Centre) ਹੋਵੇ ਜਾਂ ਸਾਂਝੀ ਸਿਆਸਤ ਦੀ ਕਾਰਵਾਈ (*Joint Political Action*) ਦਾ ਕੇਂਦਰ ਹੋਵੇ। ਇਹ ਫੈਸਲਾ ਕਰਨਾ ਹੈ। ਇਸ ਬਾਰੇ ਆਪਸੀ ਵਿਚਾਰ ਵਟਾਂਦਰਾ ਹੋ ਰਿਹਾ ਹੈ। ਮੇਰੀ ਪਹਿਲ ਕਦਮੀ ਇਸ ਕਾਨਫਰੰਸ ਦੇ ਪ੍ਰਬੰਧ ਤੱਕ ਹੀ ਸੀਮਤ ਹੈ। ਅਸਲੀ ਰੂਪ ਰੇਖਾ ਕਾਨਫਰੰਸ ਵਿਚ ਹਾਜ਼ਰ ਲੋਕ ਹੀ ਮਿਥ ਸਕਣਗੇ।

**? ਕੋਈ ਅਖੀਰਲੀ ਗੱਲ ਜੋ ਤੁਸੀਂ ਕਹਿਣਾ ਚਾਹੋਗੇ**

–ਅਖੀਰਲੀ ਗੱਲ ਪਹਿਲੀਆਂ ਕਹੀਆਂ ਗੱਲਾਂ ਦਾ ਸੰਖੇਪ ਹੀ ਹੋ ਸਕਦੀ ਹੈ। ਪੰਜਾਬ ਦਾ ਮਸਲਾ ਹੁਣ ਕੁਝ ਸਿੱਖ ਮੰਗਾਂ ਦਾ ਮਸਲਾ ਨਹੀ। ਇਹ ਜ਼ਖਮੀ ਸਿੱਖ ਮਾਨਸਕਤਾ ਦਾ ਮਸਲਾ ਹੈ। ਇਹ ਜ਼ਖਮ ਕੁਝ ਉਹਨਾਂ ਵਲੋਂ ਆਪ ਲਗਾਏ ਗਏ ਹਨ। (Self Inflicted) ਤੇ ਕੁਝ ਸਰਕਾਰ ਵਲੋਂ ਇਸ ਮਸਲੇ ਨੂੰ ਗ਼ਲਤ ਤਰੀਕੇ ਨਾਲ ਨਜਿੱਠਣ ਕਰਕੇ ਲੱਗੇ ਹਨ। ਸਿੱਖ ਮਾਨਸਕਤਾ ਨੂੰ ਸਰਕਾਰ ਵਲੋਂ ਦੋ ਤਿੰਨ ਮੰਗਾਂ ਮੰਨੇ ਜਾਣ ਤੇ ਸਹੀ ਲੀਹਾਂ ਤੇ ਲਿਆਇਆ ਜਾ ਸਕਦਾ ਹੈ। ਜੋਧਪੁਰ ਦੇ ਕੈਦੀਆਂ ਦੀ ਰਿਹਾਈ, ਸਾਬਕਾ ਫੌਜੀਆਂ ਦੀ ਫੌਜ ਜਾਂ ਹੋਰਨਾਂ ਸੂਬਿਆਂ ਵਿਚ ਬਹਾਲੀ ਅਤੇ ਭਗਤ ਵਰਗੇ ਵਜ਼ੀਰ ਨੂੰ ਲਾਂਭੇ ਕਰਨ ਨਾਲ। ਇਹ ਮੰਗਾਂ ਸਰਕਾਰ ਲਈ ਮੰਨਣੀਆਂ ਔਖੀਆਂ ਨਹੀਂ ਜੇ ਐਵੇਂ ਝੂਠੇ ਵਕਾਰ ਤੇ ਨਾ ਖਲੋਤਾ ਜਾਏ ਅਤੇ ਦੇਸ਼ ਦੀ ਏਕਤਾ, ਜਿਸਦੀ ਸਰਕਾਰ ਵਲੋਂ ਦੁਹਾਈ ਪਾਈ ਜਾਂਦੀ ਹੈ, ਉਹਦਾ ਖਿਆਲ ਰਖਿਆ ਜਾਏ। ਮੌਜੂਦਾ ਹਾਲਾਤ ਵਿਚ ਪੰਜਾਬ ਦਾ ਮਸਲਾ ਇਕ ਸਰਵਪੱਖੀ ਗੋਲਮੇਜ਼ ਕਾਨਫਰੰਸ ਨਾਲ ਹੀ ਨਜਿਠਿਆ ਜਾ ਸਕਦਾ ਹੈ, ਜਿਸ ਵਿਚ ਕੇਂਦਰ ਦੇ ਨਾਲ ਸਿਖਾਂ ਦੀਆਂ ਉਹ ਧਿਰਾਂ ਜਿਹੜੀਆਂ ਏਲਾਨੀਆਂ ਖਾਲਿਸਤਾਨ ਦੀਆਂ

ਹਾਮੀ ਨਹੀਂ, ਹਿੰਦੂਆਂ ਦੀਆਂ ਸਬੰਧਿਤ ਧਿਰਾਂ ਅਤੇ ਹਰਿਆਣੇ ਦੇ ਨੁਮਾਇੰਦੇ ਹੋਣ। ਇਸ ਕੰਮ ਲਈ ਸੁਝਾਅ ਅਤੇ ਪਹਿਲ ਕਦਮੀ ਪਾਰਲੀਮੈਂਟ ਦੇ ਮੈਂਬਰਾਂ ਵਲੋਂ ਆਉਣੀ ਚਾਹੀਦੀ ਹੈ। ਇਹ ਗੋਲਮੇਜ਼ ਕਾਨਫਰੰਸ ਖੁਲ੍ਹੇ ਤੌਰ ਤੇ ਲੋਕਾਂ ਨੂੰ ਵਿਸ਼ਵਾਸ ਵਿਚ ਲੈ ਕੇ ਕੀਤੀ ਜਾਏ। ਅੱਧੀ ਰਾਤ ਦੀਆਂ ਗੁਪਤ ਮੀਟਿੰਗਾਂ ਵਿਚ ਨਾ ਕੀਤੀ ਜਾਏ। ਪੰਜਾਬ ਵਿਚ ਹਿੰਦੂਆਂ ਦਾ ਅਤੇ ਪੰਜਾਬ ਤੋਂ ਬਾਹਰ ਸਿਖਾਂ ਦਾ ਅਣਖ ਨਾਲ ਜੀਣ ਦਾ ਹੱਕ ਹੈ। ਜਿਹੜੀਆਂ ਤਾਕਤਾਂ ਉਹਨਾਂ ਕੋਲੋਂ ਇਹ ਹੱਕ ਖੋਹਣੇ ਚਾਹੁੰਦੀਆਂ ਹਨ, ਉਹਨਾਂ ਨਾਲ ਬੜੀ ਸਖਤੀ ਨਾਲ ਨਜਿਠਿਆ ਜਾਏ। ਬੇਗੁਨਾਹਾਂ ਦੇ ਕਤਲ ਗੈਰ-ਇਨਸਾਨੀ ਹਰਕਤਾਂ ਹਨ। ਇਹ ਕਦੇ ਵੀ ਮੁਆਫ ਨਹੀਂ ਕੀਤੇ ਜਾ ਸਕਦੇ। ਇਹ ਕਤਲ ਭਾਵੇਂ ਸਟੇਟ ਦਹਿਸ਼ਤ-ਗਰਦੀ ਥਲੇ ਕੀਤੇ ਜਾਣ ਤੇ ਭਾਵੇਂ ਨਿਜੀ ਦਹਿਸ਼ਤ-ਗਰਦੀ ਥੱਲੇ ਕੀਤੇ ਜਾਣ, ਕਿਸੇ ਵੀ ਦਲੀਲ ਨਾਲ ਜਾਇਜ਼ ਨਹੀਂ ਠਹਿਰਾਏ ਜਾ ਸਕਦੇ। ਪੰਜਾਬ ਦਾ ਮਸਲਾ ਹੱਲ ਹੋ ਵੀ ਜਾਵੇ ਤਾਂ ਵੀ ਲੋਕਾਂ ਦੇ ਚੰਗੇ ਜੀਵਨ ਲਈ ਬੁਨਿਆਦੀ ਮਸਲੇ ਇਸ ਨਿਜ਼ਾਮ ਵਿਚ ਕਦੀ ਹਲ ਨਹੀਂ ਹੋ ਸਕਦੇ। ਇਹਦੇ ਲਈ ਬੁਨਿਆਦੀ ਤਬਦੀਲੀ-ਆਂ ਦੀ ਲੋੜ ਹੈ ਜੋ ਇਕ ਇਨਕਲਾਬੀ ਕੇਂਦਰ ਵਲੋਂ ਲਗਾਤਾਰ ਸੰਘਰਸ਼ਾਂ ਨਾਲ ਹੀ ਮੁਮਕਿਨ ਹੋ ਸਕਣਗੀਆਂ।

o

## ਇਨਕਲਾਬੀ ਕੇਂਦਰ ਪੰਜਾਬ ਉਸਾਰਨ ਦੀ ਤਜਵੀਜ਼ ਬਾਰੇ ਕੁਝ ਪ੍ਰਤੀਕਰਮ

ਪਹਿਲੀ ਚਿੱਠੀ ਦੇ ਸਿਵਾ ਜੋ ਅਪ੍ਰੈਲ ਵਿਚ ਮਿਲੀ ਸੀ ਹੇਠ ਕੁਝ ਉਹ ਚਿੱਠੀਆਂ ਦਿਤੀਆਂ ਜਾ ਰਹੀਆਂ ਹਨ, ਜੋ ਇਨਕਲਾਬੀ ਕੇਂਦਰ ਉਸਾਰਨ ਦੇ ਪ੍ਰਤੀਕਰਮ ਵਜੋਂ ਆਈਆਂ ਹਨ। ਜਿਸ ਤਰ੍ਹਾਂ ਉਮੀਦ ਕੀਤੀ ਜਾਂਦੀ ਸੀ, ਇਸ ਕੇਂਦਰ ਬਾਰੇ ਭਰਵਾਂ ਹੁੰਗਾਰਾ ਆਇਆ ਹੈ। ਇਸਦੇ ਨਾਲ ਕਿੰਤੂ ਵੀ ਹੈ ਕਿ ਕੀ ਕਮਿਊਨਿਸਟ ਇਨਕਲਾਬੀ ਕਦੇ ਕਿਸੇ ਸਾਂਝੇ ਪ੍ਰੋਗਰਾਮ ਬਾਰੇ ਸਹਿਮਤ ਵੀ ਹੋ ਸਕਣਗੇ ? ਪੰਜਾਬ ਦੇ ਮੱਸਲੇ ਬਾਰੇ ਸਾਰਿਆਂ ਨਾਲੋਂ ਵੱਧ ਮੱਤਭੇਦ ਹੋਣਗੇ ਪਰ ਜੇਕਰ ਤਰਕਵਾਦੀ ਪਹੁੰਚ ਅਪਣਾਈ ਜਾਏ ਤਾਂ ਮੇਰੇ ਵਿਚ ਇਹ ਮੱਤ ਭੇਦ ਬੁਨਿਆਦੀ ਨਹੀਂ। ਮੇਰੀ ਦਲੀਲ ਇਸ ਬਾਰੇ ਹੈ ਕਿ ਅਸੀਂ ਸਾਰੇ ਸਹਿਮਤ ਹਾਂ ਕਿ ਕੇਂਦਰੀ ਸਰਕਾਰ ਨੇ **'ਹਿੰਦੂ ਸ਼ਾਵਨਵਾਦ'** ਇਕ ਖਤਰਨਾਕ ਹਥਿਆਰ ਆਪਣੇ ਕੋਲ ਰਾਖਵਾਂ ਰਖਿਆ ਹੋਇਆ ਹੈ ਅਤੇ ਉਹ ਹਰ ਸੰਕਟ ਵਿਚੋਂ ਆਪਣੇ ਆਪ ਨੂੰ ਕੱਢਣ ਲਈ ਤੇ ਲੋਕਾਂ ਨੂੰ ਭੰਬਲਭੂਸੇ ਵਿਚ ਪਾਉਣ ਲਈ ਇਸ ਹਥਿਆਰ ਨੂੰ ਬੜੀ ਬੇਸ਼ਰਮੀ ਨਾਲ ਵਰਤੇਗੀ। ਇਸ 'ਹਿੰਦੂ ਸ਼ਾਵਨਇਜ਼ਮ' ਨੂੰ ਉਹ ਕਦੀ ਭਾਰਤੀ ਕਲਚਰ ਦੇ ਰਖਵਾਲੇ, 'ਦੇਸ਼ ਦੀ ਏਕਤਾ' 'ਦੇਸ਼ ਦੀ ਅਖੰਡਤਾ' ਦੇਸ਼ ਨੂੰ 'ਵੱਖਵਾਦੀਆਂ ਤੋਂ ਬਚਾਓ,' 'ਸਾਮਰਾਜੀਆਂ ਦੀਆਂ ਘਿਣਾਉਣੀਆਂ ਚਾਲਾਂ ਤੋਂ ਬਚੋ' ਵਰਗੇ ਲੇਬਲਾਂ ਹੇਠ ਵਰਤਣ ਦੀ ਸਮਰਥਾ ਰਖਦਾ ਹੈ ਅਤੇ ਉਹਦੇ ਕੋਲ ਪ੍ਰੈਸ, ਰੇਡੀਓ, ਟੀ. ਵੀ., ਵਰਗੇ ਸਾਧਨ ਇਸ ਕੰਮ ਦੇ ਲਈ ਹਾਜ਼ਰ ਹਨ। ਸਵਾਲ ਪੈਦਾ ਹੁੰਦਾ ਹੈ ਕਿ ਇਸ ਸ਼ਾਵਨਵਾਦ ਦਾ ਟਾਕਰਾ ਭਾਰਤ ਵਿਚ ਇਕ ਸ਼ਕਤੀਸ਼ਾਲੀ ਜਮਹੂਰੀ ਲਹਿਰ ਖੜੀ ਕਰਕੇ ਕੀਤਾ ਜਾ ਸਕਦਾ ਹੈ ਜਿਸ ਵਿਚ ਭਾਸ਼ਾਈ, ਇਲਾਕਾਈ, ਘੱਟ ਗਿਣਤੀਆਂ ਦੇ ਲੋਕ ਤਾਂ ਸ਼ਾਮਲ ਹੋਣ ਜੋ ਸੈਕੂਲਰ ਕਦਰਾਂ ਕੀਮਤਾਂ ਵਿਚ ਯਕੀਨ ਰਖਦੇ ਹੋਣ ਜਾਂ ਦੂਜਾ ਰਾਹ ਹੈ ਕਿ ਇਸਦਾ ਟਾਕਰਾ ਇਲਾਕਾਈ ਅਤੇ ਧਾਰਮਕ ਸ਼ਾਵਨਵਾਦ ਨੂੰ ਹੀ ਅਧਾਰ ਬਣਾਕੇ ਕੀਤਾ ਜਾ ਸਕਦਾ ਹੈ। (ਕੌਮੀਅਤਾਂ ਦੀ ਮੁਕਤੀ ਦਾ ਰਾਹ) ਉਤਲਾ ਦਸਿਆ ਦੂਜਾ ਰਾਹ ਸਾਡੇ ਪੰਜਾਬ ਦੇ ਕੁਝ ਸਾਥੀ ਅਪਣਾਉਣਾ ਚਾਹੁੰਦੇ ਹਨ (ਮਸਲੇ ਦੀ ਜੜ੍ਹ ਭਾਵੇਂ ਸਾਰੇ ਹੀ ਇਕ ਸਮਝਦੇ ਹਨ) ਸਿਖਾਂ ਵਿਰੁਧ ਵਿਤਕਰੇ ਨੂੰ ਉਹ ਸੰਘਰਸ਼ ਦਾ ਅਧਾਰ ਬਣਾਕੇ ਸਿਖ ਜਾਇਆਮਾਂ ਨੂੰ ਲਾਮਬੰਦ ਕਰਨ ਵਿਚ ਉਹ ਯਕੀਨ ਰਖਦੇ ਹਨ ਤੇ ਇਸ ਦੇ ਲਈ ਉਹ ਸਿਖ ਕਨਵੈਨਸ਼ਨਾਂ ਲਈ ਸਾਂਝਾ ਫਰੰਟ ਵੀ ਬਣਾਉਂਦੇ ਹਨ। ਜਿਹੜੇ ਉਹਨਾਂ ਨਾਲ ਸਹਿਮਤ ਨਹੀਂ—(ਸੁਰਖ ਰੇਖਾ, ਇਨਕਲਾਬੀ ਜੰਤਕ ਲੀਹ, ਟਾਕਰਾ ਕਮਿਊਨਿਸਟ ਬ੍ਰੀਗੇਡ, ਜੈਕਾਰਾ, ਹਰਾਵਲ ਦਸਤਾ ਆਦਿਕ) ਤੇ ਜੋ ਸਿਖ ਦਹਿਸ਼ਤਗਰਦੀ ਦਾ ਟਾਕਰਾ ਕਰਨ ਲਈ ਰੈਡ ਗਾਰਡ ਜਾਂ ਲੋਕਾਂ ਨੂੰ ਸਵੈ-ਰਖਿਆ ਲਈ ਹਥਿਆਰਬੰਦ ਹੋਣ ਲਈ ਕਹਿੰਦੇ ਹਨ, ਉਹ ਉਹਨਾਂ ਦੀ ਸਮਝ ਅਨੁਸਾਰ ਕੇਂਦਰੀ ਸਰਕਾਰ ਦੀ ਹੀ ਖੇਡ ਖੇਡਦੇ ਹਨ। ਇਹ ਗਲ ਉਹ ਦਲੀਲ ਵਜੋਂ ਹੀ ਕਹਿੰਦੇ ਹਨ, ਉਂਝ ਉਹ ਦਿਲੋਂ ਜਾਣਦੇ ਹਨ ਕਿ ਜਿਨ੍ਹਾਂ ਉਤੇ ਇਹ ਇਲਜ਼ਾਮ ਦਿਤਾ ਜਾ ਰਿਹਾ ਹੈ, ਉਹਨਾਂ ਧਿਰਾਂ ਦਾ ਇਕ ਰੀਕਾਰਡ ਹੈ ਕਿ ਉਹਨਾਂ ਨੇ ਕਦੇ ਵੀ ਕੇਂਦਰੀ ਸਰਕਾਰ ਦੀ ਕਿਸੇ ਨੀਤੀ ਦਾ ਸਮਰਥਨ ਨਹੀਂ ਕੀਤਾ ਅਤੇ ਉਹਨਾਂ ਵਿਚ ਉਹ ਲੋਕ ਸ਼ਾਮਲ ਹਨ ਜਿਨ੍ਹਾਂ ਨੇ 'ਦਿਲੀ ਦੀ ਹਕੂਮਤੇ—ਲੋਕਾਂ ਦੀਏ ਵੈਰਨੇ' ਵਰਗੇ ਗੀਤ ਰਚੇ। ਇਸ ਲਈ ਮੇਰੀ ਸੁਭ ਨੂੰ ਬੇਨਤੀ ਹੈ ਕਿ ਚਿੱਕੜ ਉਛਾਲੀ ਤੋਂ ਬਚਕੇ ਦਲੀਲ ਦੇ ਪੱਧਰ ਤੇ ਗੱਲ ਕਰਨੀ ਠੀਕ ਹੈ। ਇਸੇ ਤਰ੍ਹਾਂ ਇਨਕਲਾਬੀਆਂ ਦੀ ਇਕ ਧਿਰ (ਜਿਹੜੀ ਹੁਣ ਆਪਣੇ ਆਪ ਨੂੰ ਨਕਸਲਬਾੜੀ ਨਾਲ ਨਹੀਂ ਜੋੜਣਾ ਚਾਹੁੰਦੀ ਅਤੇ ਇਹਦੇ ਲਈ ਦਲੀਲ ਵੀ ਦੇਂਦੀ

ਹੈ) ਜੇਕਰ ਪੰਜਾਬ ਦੇ ਮਸਲੇ ਦੇ ਹਲ ਲਈ ਇਹ ਕਹਿੰਦੀ ਹੈ ਕਿ ਸਿਖਾਂ ਦੀਆਂ ਸਾਰੀਆਂ ਧਿਰਾਂ ਨਾਲ ਸਮਝੌਤੇ ਦੀ ਮੇਜ਼ ਤੇ ਗਲਬਾਤ ਹੋਵੇ ਤਾਂ ਇਸ ਨੂੰ ਇਹ ਕਹਿ ਕੇ ਨਾ ਉਛਾਲਿਆ ਜਾਏ ਕਿ ਕਾਤਲਾਂ ਨੂੰ ਮੇਜ਼ ਤੇ ਬੁਲਾਇਆ ਜਾ ਰਿਹਾ ਹੈ। ਬੇ-ਦੋਸ਼ੇ ਲੋਕਾਂ ਦੇ ਕਤਲਾਂ ਨੂੰ ਕਦੀ ਵੀ ਜਾਇਜ਼ ਨਹੀਂ ਕਿਹਾ ਸਕਦਾ ਪਰ ਇਹ ਕੌੜਾ ਯਥਾਰਥ ਹੈ ਕਿ ਇਹ ਕਾਰਵਾਈਆਂ ਵੀ ਪੰਜਾਬ ਦੇ ਮਸਲੇ ਨਾਲ ਜੁੜੀਆਂ ਹੋਈਆਂ ਹਨ ਤੇ ਇਹਦਾ ਭਾਗ ਹਨ, ਭਾਵੇਂ ਘਿਣਾਉਣਾ ਭਾਗ ਹਨ। ਕਿਸੇ ਸਮਝੌਤੇ ਅਧੀਨ ਇਹਨਾਂ ਨੂੰ ਬੰਦ ਕੀਤਾ ਜਾ ਸਕੇ ਤੇ ਅਗੇ ਲਈ ਇਹ ਕਤਲ ਬੰਦ ਕੀਤੇ ਜਾ ਸਕਣ ਤਾਂ ਇਹਨਾਂ ਨੂੰ ਸਮਝੌਤੇ ਦੀ ਮੇਜ਼ ਤੇ ਬੁਲਾਣਾ ਕੋਈ ਗੁਨਾਹ ਨਹੀਂ। ਮੇਰੀ ਆਪਣੀ ਰਾਏ ਤਾਂ ਇਸ ਤੋਂ ਵੀ ਅਗੇ ਜਾਂਦੀ ਹੈ ਕਿ ਸਿਖਾਂ ਦੀਆਂ ਧਿਰਾਂ ਦੇ ਨਾਲ ਨਾਲ ਹਿੰਦੂ ਧਿਰਾਂ ਨੂੰ ਵੀ, ਹਰਿਆਨੇ ਦੀਆਂ ਵੱਖ ਵੱਖ ਧਿਰਾਂ ਨੂੰ ਵੀ ਅਤੇ ਪੰਜਾਬ ਤੋਂ ਬਾਹਰ ਰਹਿ ਰਹੇ ਸਿਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾਏ, ਅਤੇ ਪਾਰਲੀਮੈਂਟ ਦੇ ਮੈਂਬਰ ਜਿਹੜੇ ਦੇਸ਼ ਦੇ ਵੱਖ ਵੱਖ ਹਿਸਿਆਂ ਦੇ ਨੁਮਾਇੰਦੇ ਹਨ, ਉਹ ਸਾਲਸੀ ਕਿਸਮ ਦੀ ਭੂਮਿਕਾ ਨਿਭਾਉਣ। ਸੋ ਚਿੱਕੜ ਉਛਾਲੀ ਨਾਲੋਂ ਇਕ ਸਾਂਝੀ ਸੋਚ ਬਨਾਣ ਦਾ ਯਤਨ ਹੋਣਾ ਚਾਹੀਦਾ ਹੈ। ਸਾਡੇ ਇਨਕਲਾਬੀਆਂ ਲਈ ਸਟੇਟ ਟੈਰਰਿਜ਼ਮ ਵੀ ਵਡੇ ਫ਼ਿਕਰ ਵਾਲੀ ਗੱਲ ਹੈ ਪਰ ਜੇਕਰ ਇਕ ਫਿਰਕੇ ਦੇ ਸਧਾਰਨ ਲੋਕ ਬਸਾਂ ਵਿਚੋਂ ਕੱਢਕੇ ਮਾਰੇ ਜਾਣ ਤਾਂ ਇਹ ਹੋਰ ਵੀ ਫਿਕਰ ਵਾਲੀ ਗਲ ਹੈ, ਕਿਉਂਕਿ ਇਹੋ ਜਿਹੀ ਹਰ ਇਕ ਕਾਰਵਾਈ ਲੋਕਾਂ ਵਿਚ ਆਪਸੀ ਨਫਰਤ ਪੈਦਾ ਕਰਦੀ ਹੈ। ਕੋਈ ਸਿਖ ਸ਼ਾਵਨਵਾਦੀ ਜਨਰਲ ਵੈਦਿਯਾ ਦੀ ਹੱਤਿਆ ਤੇ ਖੁਸ਼ ਹੋ ਸਕਦਾ ਹੈ ਪਰ ਡੈਮੋਕਰੇਟਿਕ ਲੋਕਾਂ ਵਿਚ ਇਹ ਫਿਕਰ ਵਾਲੀ ਗੱਲ ਹੈ ਕਿਉਂਕਿ ਇਸ ਇਕ ਕਾਰਵਾਈ ਨੇ ਖਾ-ਮਖਾਹ ਮਰਾਠੀ ਤੇ ਪੰਜਾਬੀ ਲੋਕਾਂ ਵਿਚ ਆਪਸੀ ਵਿਘਨ ਪਾ ਦਿਤਾ ਹੈ। ਇਹ ਨਹੀਂ ਭੁਲਣਾ ਚਾਹੀਦਾ ਕਿ ਇਹੀ ਮਰਾਠੇ ਇੰਦਰਾ ਗਾਂਧੀ ਦੀ ਹੱਤਿਆ ਵੇਲੇ ਹੋਏ ਨਵੰਬਰ ਵਿਚ ਸਿਖ ਕਤਲੇਆਮ ਕਾਂਡ ਵਿਚ ਵਿਚ ਸਿਖਾਂ ਦੇ ਹੱਕ ਵਿਚ ਖਲੋਤੇ ਸਨ। ਸਾਨੂੰ ਸਟੇਟ ਟੈਰਰਿਜ਼ਮ ਅਤੇ ਵਿਅਕਤੀਗਤ ਟੈਰਰਿਜ਼ਮ ਦੋਨਾਂ ਵਿਰੁਧ ਸੰਘਰਸ਼ ਕਰਨਾ ਪੈਣਾ ਹੈ।

o ਇਕ ਹੋਰ ਤਜਵੀਜ਼ ਦੇ ਅਨੁਸਾਰ ਨਕਸਲੀ ਕੇਂਦਰ ਦੀ ਥਾਂ ਇਨਕਲਾਬੀ ਕੇਂਦਰ ਉਸਾਰਿਆ ਜਾਣਾ ਚਾਹੀਦਾ ਹੈ, ਮੈਂ ਇਸ ਤਜਵੀਜ਼ ਨਾਲ 100 ਫੀ ਸਦੀ ਸਹਿਮਤ ਹਾਂ, ਇਸ ਲਈ ਅਗਲੀ ਸਾਰੀ ਗੱਲ ਬਾਤ ਵਿਚ ਅਤੇ ਲਿਖਤ ਵਿਚ ਇਹੀ ਨਾਂ ਵਰਤ ਰਿਹਾ ਹਾਂ।

o ਇਕ ਹੋਰ ਮੱਤ ਭੇਦ ਜਿਸ ਦੇ ਉੱਠਣ ਦੀ ਸੰਭਾਵਨਾ ਹੈ ਕਿ ਪਹਿਲੇ ਭਾਰਤੀ ਸਟੇਟ ਦਾ ਚਿਤ੍ਰਰ ਮਿਥਿਆ ਜਾਏ। ਮੈਂ ਇਸ ਸਵਾਲ ਨੂੰ ਹੇਠੋਂ ਸ਼ੁਰੂ ਕਰਨਾ ਚਾਹੁੰਦਾ ਹਾਂ ਕਿ ਇਸ ਉਲਝਣ ਤੇਂ ਪੈਣ ਤੋਂ ਪਹਿਲਾਂ ਇਹ ਇਕ ਫੈਸਲਾ ਮੰਨ ਲਈਏ ਕਿ **"ਭਾਰਤੀ ਸਟੇਟ ਮਜ਼ਦੂਰਾਂ ਕਿਸਾਨਾਂ ਦੀ ਸਟੇਟ ਨਹੀਂ"** ਭਾਵ ਇਹ ਸ਼ੋਸ਼ਣ ਕਰਨ ਵਾਲੀਆਂ ਜਮਾਤਾਂ ਦੀ ਸਟੇਟ ਹੈ ਅਤੇ ਇਸਨੂੰ ਖਤਮ ਕੀਤੇ ਬਿਨਾਂ ਕ੍ਰੋੜਾਂ ਲੋਕਾਂ ਦੀ ਮੁਕਤੀ ਨਹੀਂ ਹੋ ਸਕਦੀ। ਇਸ ਲਈ ਸੰਘਰਸ਼ ਦੀ ਮੁੱਖ ਟੇਕ ਇਹਨਾਂ ਜਮਾਤਾਂ ਤੇ ਹੀ ਰਖੀ ਜਾ ਸਕਦੀ ਹੈ। ਦੂਜੀਆਂ ਜਮਾਤਾਂ ਦਾ ਆਰਜ਼ੀ ਤੇ ਸਥਾਈ ਸਹਿਯੋਗ ਲਿਆ ਜਾ ਸਕਦਾ ਹੈ।

o ਇਕ ਹੋਰ ਗਲ ਮੇਰੇ ਕੋਲ ਬਹੁਤ ਸਾਰੇ ਗਰੁੱਪਾਂ ਦੇ ਜਾਂ ਆਗੂਆਂ ਦੇ ਡਾਕ ਪਤੇ ਨਾਂ ਹੋਣ ਕਰਕੇ ਮੈਂ ਜ਼ਾਤੀ ਪੱਧਰ ਤੇ ਸ਼ਾਇਦ ਸੰਪਰਕ ਨਾ ਕਰ ਸਕਾਂ ਇਸ ਲਈ ਮੇਰੇ ਖੁਲ੍ਹੇ ਖੱਤ ਨੂੰ ਹੀ ਉਹ ਸੰਪਰਕ ਲਈ ਸੱਦਾ ਸਮਝਿਆ ਜਾਏ। ਮੈਂ ਸਾਰੇ ਸਿਆਣੇ ਸਾਥੀਆਂ ਦਾ ਸਹਿਯੋਗ ਅਤੇ ਰਾਵਾਂ ਇਹ ਕੇਂਦਰ ਉਸਾਰਨ ਦੇ ਸਿਲਸਲੇ ਵਿਚ ਲੈਣਾ ਚਾਹਵਾਂਗਾ।

ਗੁਰਸ਼ਰਨ ਸਿੰਘ

---

(ਨੋਟ–ਮਖੂ ਦੇ ਕੁਝ ਸਾਥੀਆਂ ਵਲੋਂ ਹੇਠ ਲਿਖੀ ਚਿੱਠੀ ਅਪ੍ਰੈਲ ਦੇ ਮਹੀਨੇ ਮਿਲੀ ਸੀ।)

**1.** ਦੁਖੀ ਹਿਰਦੇ ਨਾਲ ਭੇਜੀ ਸਲਾਮ ਤੋਂ ਬਾਅਦ, ਸਾਥੀ ਜੀ, ਕੀ ਗੱਲ ਹੈ ਕਿ ਬਾਬਾ ਬੋਲਦਾ ਹੈ ਅਤੇ ਬੋਲਦਾ ਬੋਲਦਾ ਰੁਕ ਜਾਂਦਾ ਹੈ। ਪਿਛਲੀ ਦਿਨੀਂ ਅਸੀਂ ਬਾਬੇ ਨੂੰ ਕਮਿਊਨਿਸਟਾਂ 'ਚ ਏਕਤਾ ਬਾਰੇ ਗੱਲਾਂ ਕਰਦਿਆਂ ਸੁਣਿਆ ਸੀ, ਅਸੀਂ ਕਹਿੰਦਿਆਂ ਸੁਣਿਆਂ ਸੀ ਕਿ "ਮੈਂ ਸਾਰੇ ਕਮਿਊਨਿਸਟਾਂ ਨੂੰ ਕਾਲ ਕਰਾਂਗਾ, ਬੁਲਾਵਾਂਗਾ ਕਿ ਇਕੱਠੇ ਹੋਵੋ, ਫਾਸਿਸਟਾਂ ਵਿਰੁੱਧ ਲੜੋ, ਲੋਕਾਂ ਨੂੰ ਭਰਾਮਾਰ ਲੜਾਈ ਤੋਂ ਬਚਾਉ, ਇਨਕਲਾਬ ਲਈ ਜੇਕਰ ਤੁਸੀਂ ਸਾਰੇ ਇਨਕਲਾਬੀ ਹੋ ਤਾਂ ਇਕੱਠੇ ਹੋਵੋ ਨਹੀਂ ਤਾਂ ਆਰਾਮ ਨਾਲ ਘਰੀਂ ਜਾ ਬੈਠੋ।" ਪਰ ਉਸ ਬਾਅਦ ਬਾਬਾ ਪਤਾ ਨਹੀਂ ਕਿਉਂ ਇਕ ਦਮ ਬੋਲਦਾ ਬੋਲਦਾ ਚੁੱਪ ਕਰ ਗਿਆ।

ਅੱਜ ਸਮਾਂ ਹੈ ਅਤੇ ਸਮਾਂ ਮੰਗ ਕਰਦਾ ਹੈ ਕਿ ਬਾਬਾ ਸਾਰੇ ਕਮਿਊਨਿਸਟਾਂ ਨੂੰ ਇਕੱਠੇ ਕਰੇ, ਜੇ ਅਜਿਹਾ ਨਹੀਂ ਕਰਦਾ ਤਾਂ ਜਾਂ ਤਾਂ ਉਹ ਬਾਬਾ ਨਹੀਂ ਜਾਂ ਕਮਿਊਨਿਸਟ (ਇਨਕਲਾਬੀ-ਕਮਿਊਨਿਸਟ) ਨਹੀਂ ਹਨ।

ਕਮਿਊਨਿਸਟਾਂ ਦੇ ਏਜੰਡੇ ਤੇ ਇਨਕਲਾਬ ਹੁੰਦਾ ਹੈ, ਪਾਰਟੀ ਉਸਾਰੀ, ਯੁੱਧ ਨੀਤੀ, ਦਾਅ-ਪੇਚ, ਫਲਸਫਾ ਸਭ ਇਨਕਲਾਬ ਲਈ ਹੁੰਦੇ ਹਨ। ਨਾ ਕਿ ਇਨਕਲਾਬ ਇਹਨਾਂ ਸਭ ਲਈ। ਸੋ ਸਾਰੇ ਇਨਕਲਾਬੀਆਂ ਦੀ ਇਕ ਜਥੇਬੰਦੀ ਬਣਨੀ ਅੱਜ ਬਹੁਤ ਜ਼ਰੂਰੀ ਹੈ। ਸੋ ਇਨਕਲਾਬ ਨੂੰ ਅਗਾਂਹ ਵਧਾਉਣ ਲਈ ਰਾਹ ਦੇ ਰੋੜੇ ਫਿਰਕਾ-ਪ੍ਰਸਤੀ ਜ਼ਾਤ-ਪਾਤ ਦੂਰ ਕਰਕੇ ਕਰਨਾ ਜ਼ਰੂਰੀ ਹੈ।

ਸੋ ਸਾਡੀ ਅਪੀਲ ਹੈ ਕਿ ਬਾਬਾ ਜੀ ਕ੍ਰਿਪਾ ਕਰਕੇ ਬੋਲੋ, ਉੱਚੀ ਉੱਚੀ ਬੋਲੋ, ਸੱਚ ਬੋਲੋ, ਸੰਘ ਪਾੜ ਪਾੜ ਕੇ ਬੋਲੋ, ਉਦੋਂ ਤੱਕ ਬੋਲੋ ਜਦੋਂ ਤੱਕ ਬੋਲਿਆਂ ਕੰਨਾਂ 'ਚ ਆਵਾਜ਼ ਨਹੀਂ ਪੈਂਦੀ ਕਿ ਕਮਿਊਨਿਸਟਾਂ ਨੂੰ ਇਕ ਹੋਣਾ ਚਾਹੀਦਾ ਹੈ। ਫਲਸਫਾ, ਦਾਅਪੇਚ, ਯੁੱਧ ਨੀਤੀ ਅਤੇ ਪਾਰਟੀ ਉਸਾਰੀ ਬਾਰੇ ਸੰਘਰਸ਼ ਇਕੱਠੇ ਰਹਿਣ ਅੰਦਰ ਹੀ ਠੀਕ ਚਲ ਸਕਦਾ ਹੈ। ਫਿਰ ਵੀ ਕੁਝ ਘੋਗੜ ਕੰਨੇ ਬਾਹਰ ਰਹਿੰਦੇ ਹਨ ਤਾਂ ਰਹਿਣ ਦਿਉ, ਸਮਾਂ ਉਨ੍ਹਾਂ ਨੂੰ ਖੁਦ ਵਿਚ ਆਉਣ ਲਈ ਮਜਬੂਰ ਕਰੇਗਾ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਕਮਿਊ-ਨਿਸਟ ਗਰੁੱਪਾਂ ਨੂੰ ਇਕੱਠੇ ਕਿਵੇਂ ਕੀਤਾ ਜਾਵੇ ? ਅਸੀਂ ਸਮਝਦੇ ਹਾਂ ਕਿ M.L. ਲਹਿਰ ਦੇ ਸਾਰੇ ਸ਼ੁਭਚਿੰਤਕ ਹਮਦਰਦ (ਸਫਾਂ) ਸਾਰੀਆਂ ਹੀ ਲੀਡਰਸ਼ਿਪ ਤੇ ਉਹਨਾਂ ਦੇ ਤੰਗਨਜ਼ਰ ਹੋਣ ਕਾਰਣ ਦੁਖੀ ਹਨ। ਅੱਜ ਲੋੜ ਕਿਸੇ ਲੀਡਰ ਦੀ ਹੈ ਜੋ ਇਹਨਾਂ ਸਫਾਂ ਨੂੰ (ਜੋ ਲਗਾਤਾਰ ਨਿਰਾਸਤਾ ਵਾਲੇ ਪਾਸੇ ਜਾਂਦੇ ਹੋਏ ਤੇ ਕਈ ਔਝੜੇ ਰਾਹਾਂ ਤੇ ਪੈ ਰਹੇ ਹਨ) ਇਕ ਪਲੇਟਫਾਰਮ ਉਪਰ ਲਿਆ ਸਕੇ, ਕਿਉਂਕਿ ਬਿਨਾਂ ਸ਼ੱਕ ਸਾਰੀਆਂ ਸਫਾਂ ਕਿਸੇ ਨਾ ਕਿਸੇ ਪੱਧਰ ਦੀ ਏਕਤਾ ਚਾਹੁੰਦੀਆਂ ਹਨ।

ਇਸ ਏਕਤਾ ਲਈ ਅਸੀਂ ਸਮਝਦੇ ਹਾਂ ਕਿ ਤੁਸੀਂ ਇਕ ਬਹੁਤ ਵਧੀਆ ਰੋਲ ਨਿਭਾ ਸਕਦੇ ਹੋ। ਰਹੀ ਗੱਲ ਕਿ ਏਕਤਾ ਜਾਂ ਸਾਂਝੇ ਪਲੇਟਫਾਰਮ ਦਾ ਅਧਾਰ ਜਾਂ ਪ੍ਰੋਗਰਾਮ ਕੀ ਹੋਵੇ ? ਅਸੀਂ ਸਮਝਦੇ ਹਾਂ ਕਿ ਅੱਜ ਸਾਡੇ ਸਾਹਮਣੇ ਜੋ ਦਰਪੇਸ਼ ਸਮੱਸਿਆਵਾਂ ਹਨ ਕਿ ਪੰਜਾਬ ਭਰਾ ਮਾਰ ਜੰਗ ਦੀ ਭੱਠੀ 'ਚ ਝੁਲਸਿਆ ਜਾ ਰਿਹਾ ਹੈ। ਦਿਨ-ਬ-ਦਿਨ ਲੋਕਾਂ ਦੀ ਆਰਥਿਕ ਹਾਲਤ ਮੰਦੀ ਹੁੰਦੀ ਜਾ ਰਹੀ ਹੈ ਲੇਕਿਨ ਕੋਈ ਮੁਲਾਜ਼ਮ-ਮਜ਼ਦੂਰ ਜਾਂ ਆਰਥਿਕ ਮੰਗਾਂ ਪ੍ਰਤੀ ਕੋਈ ਲਹਿਰ ਬਝਵੇਂ ਰੂਪ 'ਚ ਨਹੀਂ ਚਲ ਰਹੀ। ਅੱਤਵਾਦ ਨੂੰ ਕੁਚਲਣ ਦੇ ਨਾਂ ਹੇਠ ਕਾਲੇ ਕਾਨੂੰਨਾਂ-ਹੁਕਮਾਂ ਦਾ ਤਾਂਤਾ ਬਝਿਆ ਹੋਇਆ ਹੈ।

ਸੋ ਕਮਿਊਨਿਸਟ ਸੰਮੇਲਨ ਫੌਰੀ ਤੌਰ 'ਤੇ ਤੁਹਾਡੇ ਵਲੋਂ ਬੁਲਾਇਆ ਜਾਣਾ ਚਾਹੀਦਾ ਹੈ ਅਤੇ ਉਥੇ ਉਪ੍ਰੋਕਤ ਮਸਲੇ ਵਿਚਾਰੇ ਜਾਣੇ ਚਾਹੀਦੇ ਹਨ ਅਤੇ ਨਾਲ ਹੀ ਅਸੀਂ ਸਮਝਦੇ ਹਾਂ ਕਿ ਕੋਈ ਵੀ ਧਿਰ ਅਜਿਹੀ ਨਹੀਂ ਜੋ ਫਿਰਕਾ-ਪ੍ਰਸਤੀ ਦੇ ਵਿਰੁੱਧ ਨਾ ਹੋਵੇ। ਸੋ ਫਿਰਕਾ-ਪ੍ਰਸਤੀ ਵਿਰੁੱਧ ਸਾਂਝਾ ਮੋਰਚਾ ਉਸਾਰਿਆ ਜਾਵੇ, ਜਿਸ 'ਚ ਹਰ ਧਿਰ ਨੂੰ ਆਪਣਾ ਆਪਣਾ ਵਿਚਾਰ ਆਪਣੇ ਆਪਣੇ ਹਿਸਾਬ ਨਾਲ ਲਿਜਾਣ ਦੀ ਖੁੱਲ ਹੋਵੇ।

ਟਰੇਡ ਯੂਨੀਅਨ ਫਰੰਟ 'ਤੇ ਸਾਰੀਆਂ ਧਿਰਾਂ ਦੀ ਇਕ ਕਨਫੈਡਰੇਸ਼ਨ ਬਣਾਈ ਜਾਵੇ ਅਤੇ ਆਰਥਿਕ ਮੰਗਾਂ ਲਈ ਸਿਆਸੀ ਮਸਲਿਆਂ ਦੇ ਨਾਲ ਜੋੜ ਕੇ ਲਹਿਰ ਉਸਾਰੇ, ਨਾਲ ਹੀ ਕਾਲੇ ਕਾਨੂੰਨਾਂ ਵਿਰੁੱਧ ਆਵਾਜ਼ ਉਠਾਉਂਦੀ ਹੋਈ ਫਾਸ਼ੀਵਾਦ ਖਿਲਾਫ ਡੱਟ ਕੇ ਖੜੇ। ਇਥੇ ਜੋ ਧਿਆਨ ਦੇਣ ਦੀ ਗੱਲ ਹੈ ਕਿ ਨਾ ਤਾਂ ਸਿਆਸਤ ਛੱਡੀ ਹੀ ਜਾ ਸਕਦੀ ਹੈ ਤੇ ਨਾ ਹੀ ਛੱਡਣੀ ਚਾਹੀਦੀ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਸਿਰਫ ਆਰਥਿਕਵਾਦ 'ਚ ਧੱਸ ਜਾਓ, ਤੇ ਸਿਆਸਤ ਦਾ ਨਾਂ ਹੀ ਨਾ ਲਓ ਅਤੇ ਕੁਝ ਕਹਿੰਦੇ ਹਨ ਕਿ ਸਾਂਝੀ ਸਿਆਸਤ ਲਿਜਾਉ। ਇਹ ਦੋਨੋਂ ਪੈਂਤੜੇ ਹੀ ਗਲਤ ਹਨ। ਸਿਆਸਤ ਹਰ ਇਕ ਨੂੰ ਆਪਣੀ ਆਪਣੀ ਲਿਜਾਣ ਦੀ ਖੁੱਲ ਹੋਵੇ। ਕਿਉਂਕਿ ਇਕ ਸਿਆਸਤ ਤਾਂ ਸਾਂਝੀ ਹੈ ਹੀ ਕਿ ਇਥੇ ਜੇਕਰ ਇਨਕਲਾਬ ਕਰਨ ਹੈ ਤਾਂ ਉਹ ਸਿਰਫ ਤੇ ਸਿਰਫ ਹਥਿਆਰਬੰਦ ਹੀ ਹੋ ਸਕਦਾ ਸੋ ਇਹੀ ਗੱਲ ਲੋਕਾਂ 'ਚ ਲਿਜਾਣ ਦੀ ਲੋੜ ਹੈ। ਲੋਕਾਂ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਥੇ ਬਗਾਵਤ ਹੋਵੇਗੀ, ਜਾਂ ਲੰਮਕਵਾਂ ਲੋਕ ਯੁੱਧ। ਇਥੇ ਸਮਾਜਵਾਦੀ ਇਨਕਲਾਬ ਹੋਵੇਗਾ ਜਾਂ ਨਵਜਮਹੂਰੀ।

ਸੋ ਸਾਡਾ ਅੱਜ ਦੀ ਹਾਲਤ 'ਚ ਫਰਜ਼ ਹੈ ਇਨਕਲਾਬ ਲਈ ਤਿਆਰੀ ਕਰਨਾ। ਉਹ ਸਮੇਂ ਦੀਆਂ ਹਾਲਤਾਂ ਮੁਤਾਬਕ ਤਹਿ ਹੋ ਜਾਵੇਗਾ ਕਿ ਇਨਕਲਾਬੀ ਯੁੱਧ ਲੰਮਕਵਾਂ ਚਲਾਇਆ ਜਾਏਗਾ ਜਾਂ ਬਗਾਵਤ ਕੀਤੀ ਜਾਵੇ। ਇਹ ਸਾਂਝੇ ਪਲੇਟ ਫਾਰਮ 'ਚ ਰਹਿੰਦਿਆਂ ਹੀ ਹੱਲ ਹੋ ਸਕਦਾ ਹੈ।

ਸੋ ਅਸੀਂ ਇਕ ਵਾਰ ਫਿਰ ਜ਼ੋਰ ਦੇਵਾਂਗੇ ਕਿ ਇਥੇ ਉਪ੍ਰੋਕਤ ਕੰਮਾਂ ਨੂੰ ਸਿਰੇ ਚੜ੍ਹਾਉਣ ਲਈ ਸਾਂਝੀ ਸ਼ਖਸੀਅਤ ਦੀ ਲੋੜ ਹੈ ਤੇ ਇਹ ਤੁਸੀਂ ਹੀ ਸੰਭਾਲ ਸਕਦੇ ਹੋ।

ਅੱਜ ਸਾਰੇ ਹੀ ਗਰੁੱਪ ਹਥਿਆਰਬੰਦ- ਇਨਕਲਾਬ ਦਾ ਰੌਲਾ ਪਾ ਰਹੇ ਹਨ, ਪਰ ਲੋਕਾਂ ਨੂੰ ਇਸ ਵਾਸਤੇ ਉਭਾਰਨ ਲਈ ਅਮਲੀ ਤੌਰ ਤੇ ਰੋਲ ਨਾਂ ਪੱਖੀ ਹੈ। ਸਰਮਾਏਦਾਰੀ ਦੇ ਦੋ ਧੜਿਆਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਲੋਕਾਂ 'ਚ ਇਕ ਲੋੜ ਦਾ ਮਹੌਲ ਪੈਦਾ ਕੀਤਾ ਹੈ ਕਿ ਲੋਕ ਖੁਦ ਹਥਿਆਰਬੰਦ ਹੋਣ, ਪਰ ਕਮਿਊਨਿਸਟ ਇਨਕਲਾਬੀ ਸਰਮਾਏਦਾਰੀ ਦੇ ਇਸ ਵਿਰੋਧ ਨੂੰ ਵਰਤਣ 'ਚ ਨਾਕਾਮ ਰਹਿ ਰਹੇ ਹਨ। ਪਿਛਲੇ

ਦਿਨੀਂ ਇਕ ਅਕਾਲੀ ਵਿਧਾਇਕ ਨੇ ਖ਼ੁਦ ਫਰਮਾਇਆ ਹੈ ਕਿ ਲੋਕ ਬੇ-ਹਥਿਆਰੇ ਹੋਣ ਕਰਕੇ ਅੱਖੀਂ ਵੇਖ ਕੇ ਵੀ ਅੱਖਾਂ ਮੀਟ ਲੈਂਦੇ ਹਨ। ਸਾਨੂੰ ਕਮਿਊਨਿਸਟਾਂ ਨੂੰ ਇਹ ਮੰਗ ਕਿ 'ਲੋਕਾਂ ਨੂੰ ਹਥਿਆਰਬੰਦ ਕਰੋ' ਦਾ ਨਾਹਰਾ ਉੱਚਾ ਚੁਕਦਿਆਂ ਹੋਇਆਂ 1857 ਦੇ ਸੰਘਰਸ਼ ਦੇ ਸਮੇਂ ਤੋਂ ਬਾਅਦ ਅੰਗਰੇਜ਼ ਸਾਮਰਾਜੀਆਂ ਵਲੋਂ ਬਣਾਏ ਉਸ ਕਾਨੂੰਨ ਨੂੰ ਚਣੌਤੀ ਦੇਣੀ ਚਾਹੀਦੀ ਹੈ ਜਿਸ ਰਾਹੀਂ ਹੱਕ ਸਿਰਫ ਸਰਕਾਰੀ ਆਦਮੀ ਨੂੰ ਹੀ ਹੈ ਹਥਿਆਰ ਰੱਖਣ ਦਾ, ਭਾਵ ਜੇ ਸਿਵਲ ਆਦਮੀ ਨੇ ਵੀ ਹਥਿਆਰ ਰੱਖਣਾ ਹੈ ਤਾਂ ਉਹ ਸਰਕਾਰ ਤੋਂ ਮਨਜ਼ੂਰੀ ਲਵੇ।

ਸੋ ਸਾਡੇ ਉਸ ਸਾਂਝੇ ਪਲੇਟਫਾਰਮ ਨੂੰ ਇਹ ਮੰਗ ਚੁੱਕਣੀ ਚਾਹੀਦੀ ਹੈ। ਇਕ ਹੋਰ ਗੱਲ ਕਿ ਅੱਜ ਜੇ ਅਸੀਂ ਆਪਣਾ ਤੇ ਲੋਕਾਂ ਦਾ ਫਾਸ਼ੀਵਾਦ ਤੋਂ ਬਚਾਉ ਕਰਨਾ ਹੈ ਤਾਂ ਅੰਦਰ ਬੈਠ ਕੇ ਨਹੀਂ ਸਗੋਂ ਹਮਲੇ 'ਤੇ ਆ ਕੇ ਹੀ ਕਰ ਸਕਦੇ ਹਾਂ, ਭਾਵ ਇਹ ਕਿ ਸਾਨੂੰ ਆਪਣੀ ਗੱਲ ਲੋਕਾਂ ਤੱਕ ਲਿਜਾਣ ਲਈ ਲਾਲ-ਗਾਰਡ ਦੀ ਉਸਾਰੀ ਕਰਨੀ ਚਾਹੀਦੀ ਹੈ ਤੇ ਫੌਰੀ। ਅਗਾਂਹ ਵਧੂ ਲੋਕਾਂ ਨੂੰ ਦਹਿਸ਼ਤ ਪਸੰਦ ਤਾਕਤਾਂ ਗੋਲੀ ਨਾਲ ਚੁੱਪ ਕਰਾਉਣ ਤੇ ਉਤਰ ਆਈਆਂ ਹਨ, ਜੇਕਰ ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਹੋਵੇਗਾ ਕਿ ਗੋਲੀ ਦਾ ਜੁਆਬ ਗੋਲੀ ਹੀ ਮਿਲੇਗੀ ਤਾਂ ਹੀ ਇਹਨਾਂ ਕਾਰਵਾਈਆਂ ਨੂੰ ਨੱਥ ਪਵੇਗੀ।

ਰਹੀ ਗੱਲ ਆਪਸੀ ਮੱਤਭੇਦਾਂ ਦੀ ਸਾਥੀਆਂ ਤਾਕਤਾਂ ਨੂੰ ਅੰਦਰੇ ਅੰਦਰ ਆਪਣੀ ਸਿਆਸੀ ਲਾਇਨ 'ਤੇ ਘੋਲ ਚਲਾਉਣ ਦੀ ਪੂਰੀ ਖੁੱਲ ਹੋਵੇਗੀ ਪਰ ਫੁੱਟ ਪਾ ਕੇ ਬਾਹਰ ਜਾਣ ਦੀ ਬਿਲਕੁਲ ਨਹੀਂ।

ਇਕ ਸੁਝਾਅ ਭਾਅ ਜੀ ਤੁਹਾਡੇ ਫਰੇਮ ਵਰਕ ਨੂੰ ਵੀ, ਤੁਸੀਂ ਸਭਿਆਚਾਰਕ ਫਰੰਟ 'ਤੇ ਹੌਸਲਾ ਵਧਾਊ ਅਤੇ ਅਗਾਂਹ ਵਧੂ ਰੋਲ ਅਦਾ ਕਰ ਰਹੇ ਹੋ। ਸਮਾਜ ਨੂੰ ਜਾਗਰਿਤ ਕਰਨ ਦੀ ਕੋਸ਼ਿਸ਼ ਵਿਚ ਹੋ। ਪਿਛਲੇ ਪੇਪਰ 'ਚ ਤੁਸਾਂ 'ਹਾਣੀ' ਫਿਲਮ ਬਣਾਉਣ ਬਾਰੇ ਵੀ ਲਿਖਿਆ। ਪਰ ਇਹ ਸਭ ਕੁਝ ਹਕੀਕਤ ਨਾਲੋਂ ਟੁੱਟਵਾਂ ਹੈ ਕਿਉਂਕਿ ਇਥੇ ਸੁਆਲ ਪੈਦਾ ਹੁੰਦਾ ਹੈ ਕਿ ਜੋ ਲੋਕ ਤੁਹਾਡੇ ਰਾਹੀਂ ਜਾਗ੍ਰਿਤ ਹੋ ਰਹੇ ਹਨ ਜਾਂ ਤੁਹਾਡੀ ਫਿਲਮ ਵੇਖ ਕੇ ਵੀ ਹੋਣਗੇ, ਪਰ ਉਹ ਲੜ ਕੀਹਦੇ ਲੱਗਣ? ਇਹੀ ਉਹ ਅਹਿਮ ਸੁਆਲ ਹੈ ਜਿਸ ਦੇ ਹੱਲ ਲਈ ਅਸੀ ਉਪ੍ਰੋਕਤ ਸਾਂਝਾ ਪਲੇਟਫਾਰਮ ਉਸਾਰਨ ਲਈ ਤੇ ਤੁਹਾਨੂੰ ਅੱਗੇ ਆਉਣ ਲਈ ਕਿਹਾ ਹੈ। ਲੋਕਾਂ ਨੇ ਅਮਲੀ ਕੰਮ ਨੂੰ ਦੇਖਣਾ ਹੈ ਤੇ ਉਸ ਨਾਲ ਹੀ ਜੁੜਨਾ ਹੈ।

ਤੁਹਾਡੇ ਸਾਥੀ,
ਮਖੂ ਤੋਂ ਕੁਝ ਇਨਕਲਾਬੀ

**2.** ਸਤਿਕਾਰ ਯੋਗ ਗੁਰਸ਼ਰਨ ਭਾਅ ਜੀ, ਲਾਲ ਸਲਾਮ,

ਆਪ ਜੀ ਦਾ ਪੇਪਰ 'ਸਮਤਾ' ਅਗਸਤ, 1986 ਪੜ੍ਹਿਆ ਅਤੇ ਪੜ੍ਹ ਕੇ ਬਹੁਤ ਖੁਸ਼ੀ ਹੋਈ। ਤੁਹਾਡੀ ਇਨਕਲਾਬ ਨੂੰ ਦੇਣ ਦੀ ਸਰਾਹਨਾ ਕਰਨ ਨੂੰ ਸਾਡੇ ਕੋਲ ਕੋਈ ਲਫ਼ਜ਼ ਨਹੀਂ ਹੈ। ਪਰ ਅਗਸਤ 86 ਦੇ 'ਸਮਤਾ' ਵਿਚ ਜੋ ਆਪ ਜੀ ਨੇ "ਇਨਕਲਾਬੀ ਵੀਰਾਂ ਨੂੰ ਖੁਲ੍ਹੀ ਚਿੱਠੀ" ਲਿਖੀ ਹੈ। ਬਹੁਤ ਹੀ ਸਲਾਹੁਣ ਯੋਗ ਹੈ। ਇਸ ਤੋਂ ਸਪੱਸ਼ਟ ਹੈ ਕਿ ਤੁਹਾਡੇ ਦਿਲ ਵਿਚ ਇਨਕਲਾਬ ਲਈ (ਦੱਬੇ ਕੁਚਲੇ, ਮਿਹਨਤੀ ਮਜ਼ਦੂਰ-ਕਿਸਾਨਾਂ) ਲਈ ਤੜਪ ਹੈ। ਤੁਸੀਂ ਅੱਜ ਕੱਲ ਦੇ ਇਨਕਲਾਬੀ ਗਰੁੱਪਾਂ/ਪਾਰਟੀਆਂ ਦੀ ਸਹੀ ਤਸਵੀਰ ਸਪੱਸ਼ਟ ਕੀਤੀ ਹੈ। ਇਨ੍ਹਾਂ ਗਰੁੱਪਬੰਦੀਆਂ ਕਾਰਨ ਹੀ ਸਾਡੇ ਹਜ਼ਾਰਾਂ ਦੋਸਤ ਇਨਕਲਾਬ ਦੇ ਹਾਮੀ ਨਿਰਾਸ ਹੋ ਕੇ ਘਰੋ ਘਰੀ ਬੈਠੇ ਹਨ। ਅੱਜ ਸਾਇੰਸ ਦਾ ਯੁਗ ਹੈ। ਤਕਰੀਬਨ ਹਰ ਇਕ ਇਨਸਾਨ ਆਪਦੀ ਲੁੱਟ ਤੇ ਹੋ ਰਹੇ ਜਬਰ ਬਾਰੇ ਜਾਣਦਾ ਹੈ। ਪਰ ਇਹ ਲੋਕਾਂ ਨੂੰ ਸਪੱਸ਼ਟ ਰਾਹ ਨਜ਼ਰ ਨਹੀਂ ਆਉਂਦਾ, ਕੋਈ ਇਕ ਠੋਸ ਲੀਡਰਸ਼ਿਪ ਨਹੀਂ ਦਿਸ ਰਹੀ। ਜਿਸ ਕਾਰਨ ਸਾਡੀ ਇਨਕਲਾਬੀ ਪਾਰਟੀ ਲੋਕਾਂ 'ਚ ਹਰਮਨ ਪਿਆਰੀ ਨਹੀਂ ਹੋ ਸਕੀ।

ਅੱਜ ਦੇ ਹਾਲਾਤ ਮੰਗ ਕਰਦੇ ਹਨ ਕਿ ਕੋਈ ਠੋਸ ਇਨਕਲਾਬੀ ਰਾਹ ਤੇ ਲੀਡਰਸ਼ਿਪ ਹੋਵੇ। ਤੁਹਾਡਾ ਸੱਦਾ ਸਾਡੇ ਵਰਗੇ ਇਨਕਲਾਬ ਦੇ ਅਨੇਕਾਂ ਹਾਮੀਆਂ ਨੂੰ ਪ੍ਰਵਾਨ ਹੈ। ਅਸੀਂ ਤੁਹਾਡੀ ਇਸ ਅਗਾਂਹਵਧੂ ਸੋਚ ਤੇ ਫੁੱਲ ਚੜ੍ਹਾਉਂਦੇ ਹਾਂ ਅਤੇ ਅਸੀਂ ਪ੍ਰਣ ਕਰਦੇ ਹਾਂ ਕਿ ਅਸੀਂ ਹਰ ਹਾਲਤ ਜਲੰਧਰ ਪਹੁੰਚ ਕੇ ਆਪ ਜੀ ਨੂੰ ਇਨਕਲਾਬ ਲਈ ਤੜਫ ਰਹੀ ਜਨਤਾ ਦਾ ਸਬੂਤ ਦਿਆਂਗੇ।

ਆਪ ਜੀ ਦੇ ਸਾਥੀ, ਪਿੰਡ ਪੱਬੀਆਂ (ਲੁਧਿ:)
ਗੁਰਚਰਨ ਸਿੰਘ, ਬਹਾਦਰ ਸਿੰਘ, ਹਰਜੀਤ ਸਿੰਘ
ਇੰਦਰਜੀਤ ਸਿੰਘ, ਰਣਧੀਰ ਸਿੰਘ, ਕਰਮਜੀਤ ਸਿੰਘ
ਕੇਵਲ ਸਿੰਘ

**3.** ਸਤਿਕਾਰ ਯੋਗ ਗੁਰਸ਼ਰਨ ਭਾਅ ਜੀ, ਲਾਲ ਸਲਾਮ

ਭਾਅ ਜੀ, ਮੈਂ ਸਮਤਾ ਕਾਫੀ ਸਮੇਂ ਤੋਂ ਪੜ੍ਹਦਾ ਆ ਰਿਹਾ ਹਾਂ, ਪੇਪਰ ਦਾ ਰੋਲ ਵਾਕਿਆ ਹੀ ਸਲਾਹੁਣ-ਯੋਗ ਹੈ। ਭਾਅ ਜੀ, ਆਪ ਜੀ ਨੇ ਜੋ ਅਗਸਤ ਅੰਕ ਵਿਚ ਇਨਕਲਾਬੀ ਕੇਂਦਰ ਦੀ ਉਸਾਰੀ ਬਾਰੇ ਖੁਲ੍ਹੀ ਚਿੱਠੀ ਲਿਖੀ ਹੈ, ਬਹੁਤ ਸ਼ਲਾਘਾਯੋਗ ਹੈ। ਸੱਚੇ ਇਨ-ਕਲਾਬੀਆਂ ਦਾ ਇਕ ਕੇਂਦਰ 'ਚ ਇਕੱਠੇ ਹੋ ਕੇ ਕੰਮ ਕਰਨ ਦੀ ਲੋੜ ਕਾਫੀ ਸਮੇਂ ਤੋਂ ਚੱਲੀ ਆ ਰਹੀ ਸੀ। ਭਾਅ ਜੀ, ਅੱਜ ਸਧਾਰਣ ਕੇਡਰ ਲਈ ਇਹ ਪਤਾ ਲਾਉਣ ਕਿ ਇਨਕਲਾਬੀ ਕਿਹੜਾ ਹੈ, ਕਿਹੜਾ ਗ਼ੈਰ ਇਨਕਲਾਬੀ,

ਕੌਣ ਪ੍ਰੋਲੇਤਾਰੀ ਹੈ, ਕੌਣ ਬੁਰਜੁਆਜ਼ੀ, ਬਹੁਤ ਮੁਸ਼ਕਲ ਹੈ। ਹਰ ਕੋਈ ਆਪਣੇ ਆਪ ਨੂੰ ਝੰਡਾ ਬਰਦਾਰ ਅਖਵਾਉਂਦਾ ਹੈ। ਇਹਨਾਂ ਸਾਥੀਆਂ ਦੀਆਂ ਇਹਨਾਂ ਧੜੇਬੰਦੀਆਂ ਕਾਰਨ ਹੀ ਅੱਜ ਇਨਕਲਾਬੀ ਲਹਿਰ ਦੀ ਇਹ ਕਮਜ਼ੋਰ ਹਾਲਤ ਹੈ। ਅੱਜ ਜੋ ਪੰਜਾਬ ਦੇ ਹਾਲਾਤ ਹਨ, ਇਸ ਮੌਕੇ ਇਹਨਾਂ ਦੀ ਇਹ ਗੁੱਟਬੰਦੀ ਬਹੁਤ ਰੜਕਦੀ ਹੈ। ਅਗਰ ਇਹ ਸਾਰੇ ਗਰੁੱਪ ਇਕੱਠੇ ਹੁੰਦੇ ਤਾਂ ਅੱਜ ਫਿਰਕੂ ਜਨੂੰਨੀਆਂ ਦਾ ਹਰ ਤਰ੍ਹਾਂ ਮੁਕਾਬਲਾ ਕੀਤਾ ਜਾ ਸਕਦਾ ਸੀ, ਪਰ ਅੱਜ ਇਹ ਗੱਲ ਦੇਖਣ 'ਚ ਆਈ ਹੈ ਕਿ ਕਿਸੇ ਵੀ ਗਰੁੱਪ ਕੋਲ ਇਤਨੀ ਤਾਕਤ ਨਹੀਂ ਕਿ ਉਹ ਜਨੂੰਨੀਆਂ ਖਿਲਾਫ ਡਟ ਕੇ ਲੜ ਸਕੇ ਸਿਵਾਏ ਕਿ ਸਨਸਨੀਖੇਜ ਪੱਤਰਕਾਰੀ ਕਰਨ ਤੋਂ। ਭਾਅ ਜੀ, ਅੱਜ ਹਜ਼ਾਰਾਂ ਨੌਜਵਾਨ ਇਹਨਾਂ ਧੜੇਬੰਦੀਆਂ ਤੋਂ ਨਿਰਾਸ਼ ਹੋ ਕੇ ਘਰ ਬੈਠ ਗਏ ਹਨ, ਜਿਨ੍ਹਾਂ ਨੇ ਕਦੀ ਧਾਰਿਆ ਸੀ ਕਿ ਇਨਕਲਾਬ ਲਈ ਹਰ ਚੀਜ਼ ਕੁਰਬਾਨ ਕਰ ਦਿਆਂਗੇ ਪਰ ਜਦੋਂ ਇਹਨਾਂ ਦੀ ਗਰੁਪ ਸਿਆਸਤ ਦੇਖੀ ਤਾਂ ਨਿਰਾਸ਼ ਹੋ ਗਿਆ। ਹਰ ਗਰੁੱਪ ਆਪਣੀਆਂ ਆਪਣੀਆਂ ਸੀਮਤ ਜਥੇਬੰਦੀਆਂ ਬਣਾ ਕਿ ਆਪਣੀ ਲੀਕ ਪਿਟ ਰਿਹਾ ਹੈ। ਜਥੇਬੰਦੀਆਂ ਚਾਹੇ 1 ਤੋਂ 10 ਬਣ ਜਾਣ ਪਰ ਸਮਝਣ ਵਾਲੀ ਗੱਲ ਹੈ ਕਿ ਕੀ ਅਸੀ ਸਮੁੱਚੇ ਤੌਰ ਤੇ ਕੋਈ ਪ੍ਰਾਗਰੈਸ ਕੱਢੀ ਹੈ। ਭਾਅ ਜੀ, ਅੱਜ ਸਾਨੂੰ ਤੁਹਾਡੇ ਤੇ ਹੀ ਆਸ ਹੈ ਕਿ ਤੁਸੀਂ ਇਹਨਾਂ ਨੂੰ ਇਕ ਕੇਂਦਰ 'ਚ ਪਰੋ ਕੇ ਇਨਕਲਾਬੀ ਲਹਿਰ ਲਈ ਬਹੁਤ ਕੀਮਤੀ ਕੰਮ ਕਰੋਗੇ। ਭਾਅ ਜੀ ਤੁਸੀਂ ਇਸ ਕੰਮ ਪ੍ਰਤੀ ਬਹੁਤ ਬਹੁਤ ਵਧਾਈ ਦੇ ਪਾਤਰ ਹੋ।

ਬਲਾਚੌਰ (ਹੁਸ਼ਿਆਰਪੁਰੀ)

**4.** ਆਦਰ ਅਤੇ ਸਤਕਾਰ ਯੋਗ ਭਾਅ ਜੀ,

ਅਗਸਤ 86 ਦੀ ਸਮਤਾ 'ਚ, ਤੁਹਾਡੇ ਵਲੋਂ ਪੰਜਾਬ ਦੇ ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਸਬੰਧੀ ਛਾਪੀ ਗਈ ਵਿਸਥਾਰ ਪੂਰਬਕ ਚਿੱਠੀ ਅੱਜ ਦੇ ਸਮੇਂ 'ਚ ਬਹੁਤ ਹੀ ਮਹੱਤਵ ਪੂਰਨ ਸਥਾਨ ਰੱਖਦੀ ਹੈ, ਜਦੋਂ ਕਿ ਕਮਿਊਨਿਸਟ-ਇਨਕਲਾਬੀ ਫੁੱਟਾਂ-ਟੁੱਟਾਂ ਦਾ ਸ਼ਿਕਾਰ ਹੋਏ ਨਿੱਕੇ-ਨਿੱਕੇ ਗਰੁੱਪਾਂ 'ਚ ਸਰਗਰਮ ਹਨ। ਚਿੱਠੀ 'ਚ ਤੁਹਾਡੇ ਵਲੋਂ ਲਿਖੀ ਗਈ ਇਹ ਗੱਲ ਸੋਲਾਂ ਆਨੇ ਪੂਰੀ ਖ਼ਰੀ ਹੈ ਕਿ ਸੀ. ਪੀ. ਆਈ (ਐਮ-ਐਲ) ਦਾ ਵੱਖ-ਵੱਖ ਗਰੁੱਪਾਂ 'ਚ ਖਿੰਡਿਆ-ਖੱਪਰਿਆ ਕੇਡੇਰ ਜੇ ਇਕ ਮੰਚ 'ਤੇ ਇਕੱਠਾ ਹੋ ਜਾਵੇ ਤਾਂ ਇਹ ਦੂਸਰੀਆਂ ਸਾਰੀਆਂ ਪਿਛਾ-ਖੜੀ ਅਤੇ ਸੋਧਵਾਦੀ ਧਿਰਾਂ ਨਾਲੋਂ ਮਜ਼ਬੂਤ ਅਤੇ ਵੱਡੀ ਧਿਰ ਬਣ ਸਕਦੀ ਹੈ। ਮੈਂ ਅਤੇ ਮੇਰੇ-ਕੁਝ ਨਜ਼ਦੀਕੀ ਦੋਸਤ ਤੁਹਾਡੇ ਇਸ ਖਤ ਰਾਹੀਂ ਪਰਗਟਾਏ ਗਏ ਵਿਚਾਰਾਂ ਨੂੰ, ਕਮਿਊਨਿਸਟ ਇਨਕਲਾਬੀ ਲਹਿਰ ਲਈ ਸ਼ੁਭ-ਸ਼ਗਨ ਸਮਝਦੇ ਹਾਂ। ਤੁਹਾਡੇ ਖਤ ਨੇ ਕਮਿਊਨਿਸਟ ਇਰਕਲਾਬੀਆਂ ਦੀ ਏਕਤਾ ਦੀ ਲੋੜ ਨੂੰ ਜਿੰਨੇ-ਜ਼ੋਰਦਾਰ ਢੰਗ ਨਾਲ ਉਭਾਰਿਆ ਹੈ; ਉਹ ਦਰੁਸਤ ਹੈ। ਤੁਹਾਡੇ ਇਸ ਖਤ ਦੀ ਸੀਮਾਂ ਤੋਂ ਅਗਲੀ ਸੀਮਾਂ, ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਦਾ ਘੱਟੋ ਘੱਟ ਅਧਾਰ ਕੀ ਹੋਣਾ ਚਾਹੀਦਾ ਹੈ, ਇਹ ਬਣਨੀ ਚਾਹੀਦੀ ਹੈ। ਖੈਰ ਉਂਝ ਤਾਂ ਏਕਤਾ ਦੇ ਆਧਾਰ ਬਾਰੇ ਹੋਰ ਸੁਲਝੇ ਹੋਏ ਸਾਥੀਆਂ ਦੇ ਵਿਚਾਰ ਵੀ ਤੁਹਾਡੇ ਕੋਲ ਪਹੁੰਚਣਗੇ ਅਤੇ ਇਹ ਮਸਲਾ 9 ਨਵੰਬਰ ਨੂੰ ਹੋਣ ਵਾਲੀ ਕਨਵੈਨਸ਼ਨ 'ਚ ਵੀ ਵਿਚਾਰਿਆ ਜਾਵੇਗਾ; ਪਰ ਫੇਰ ਵੀ ਇਸ ਮਸਲੇ ਬਾਰੇ, ਮੈਂ ਆਪਣੇ ਕੁਝ ਨਿੱਜੀ ਵਿਚਾਰ ਤੁਹਾਡੇ ਕੋਲ ਹੱਥਲੇ ਖਤ ਰਾਹੀਂ ਪਹੁੰਚਾ ਰਿਹਾ ਹਾਂ।

ਇਹ ਇਕ ਇਤਿਹਾਸਕ ਸਚਾਈ ਹੈ ਕਿ ਕਮਿ-ਊਨਿਸਟ ਇਨਕਲਾਬੀ ਦਾ ਹਕੀਕੀ ਸੰਕਲਪ, ਨਕਸਲ-ਵਾੜੀ ਦੀ ਹਥਿਆਰਬੰਦ ਬਗਾਵਤ ਨੇ ਹੀ ਹੋਂਦ 'ਚ ਲਿਆਂਦਾ, ਇਸ ਬਗ਼ਾਵਤ ਵਲੋਂ ਕੀਤੇ ਗਏ ਨਿਖੇੜੇ ਨੇ ਈ ਸੀ. ਪੀ. ਆਈ ਅਤੇ ਸੀ. ਪੀ. ਐਮ ਦੀ ਸੋਧਵਾਦੀ ਰਾਜਨੀਤੀ ਦਾ ਪਰਦਾ-ਫਾਸ਼ ਕੀਤਾ। ਇਸ ਹਕੀਕਤ 'ਚ ਵੀ ਕੋਈ ਸ਼ੱਕ ਨਹੀਂ ਕਿ ਨਕਸਲਬਾੜੀ ਦੀ ਹਥਿਆਰ-ਬੰਦ ਬਗਾਵਤ ਮਾਰਕਸਵਾਦ-ਲੈਨਿਨਵਾਦ ਅਤੇ ਮਾਉ-ਵਿਚਾਰਧਾਰਾ ਦੀ ਰੋਸ਼ਨੀ 'ਚ ਈ ਹੋਂਦ 'ਚ ਆਈ ਸੀ। ਫੇਰ ਇਸ ਲਈ ਮਾਰਕਸਵਾਦ-ਲੈਨਿਨਵਾਦ ਅਤੇ ਮਾਉ-ਵਿਚਾਰਧਾਰਾ ਨੂੰ ਘੱਟੋ-ਘੱਟ ਏਕਤਾ ਦਾ ਆਧਾਰ ਜ਼ਰੂਰ ਬਣਾਇਆ ਜਾਣਾ ਚਾਹੀਦਾ ਹੈ। ਇਸ ਆਧਾਰ ਨੂੰ ਛੱਡਕੇ ਏਕਤਾ ਕਰਨ ਦਾ ਅਰਥ ਲਾਜ਼ਮੀ ਸੱਜੀ ਫ਼ਿਲ੍ਹਣ 'ਚ ਡਿੱਗਣ 'ਚ ਨਿਕਲੇਗਾ। ਸੱਜੀ ਜਿਲ੍ਹਣ ਵਲੋਂ ਚੌਕਸ ਰਹਿਣ ਦੇ ਨਾਲ-ਨਾਲ ਆਪਾਂ ਨੂੰ ਖੱਬੇ-ਕੁਰਾਹੇ ਤੋਂ ਵੀ ਬੇ-ਧਿਆਨ ਨਹੀਂ ਹੋਣਾ ਚਾਹੀਦਾ। ਮੇਰੀ ਸਮਝ ਮੁਤਾਬਕ ਖੱਬਾ ਕੁਰਾਹਾ ਅਜੋਕੇ ਸਮੇਂ 'ਚ ਇਹ ਤੰਗ-ਨਜ਼ਰਵਾਦ ਹੈ, ਜਿਹੜਾ ਅੱਜ ਕਮਿਊਨਿਸਟ-ਇਨਕਲਾਬੀ ਲਹਿਰ ਦਾ ਦੁਖਾਂਤ ਬਣਿਆ ਹੈ। ਅਰਥਾਤ, ਇਕੋ-ਵਿਚਾਰਧਾਰਾ (ਮਾਰਕਸਵਾਦ-ਲੈਨਿਨਵਾਦ ਅਤੇ ਮਾਉ-ਵਿਚਾਰਧਾਰਾ) ਨੂੰ ਮੰਨਣ ਵਾਲਿਆ ਦਾ, ਗੈਰ-ਬੁਨਿਆਦੀ ਮੱਤਭੇਦਾਂ ਨੂੰ ਆਧਾਰ ਬਣਾਕੇ ਟੁੱਟਾ-ਫੁੱਟਾਂ ਦਾ ਸ਼ਿਕਾਰ ਬਣਨਾ। ਗੈਰ-ਬੁਨਿਆਦੀ ਮੱਤ ਭੇਦ ਏਕਤਾ ਦੇ ਰਾਹ 'ਚ ਰੋੜਾ ਨਹੀਂ ਬਣਨੇ ਚਾਹੀਦੇ। ਮਾਰਕਸਵਾਦ-ਲੈਨਿਨਵਾਦ ਅਤੇ ਮਾਉ ਵਿਚਾਰਧਾਰਾ ਦੀ ਰੌਸ਼ਨੀ 'ਚ ਭਾਰਤੀ ਸਮਾਜ ਅਤੇ ਸੱਟੇਟ ਦੇ ਚਰਿੱਤਰ ਨੂੰ ਸਮਝਣ ਵਾਲੇ ਲਾਜ਼ਮੀ ਇਕੱਠੇ ਹੋਣੇ ਚਾਹੀਦੇ ਹਨ। ਇਹਨਾਂ ਅੰਦਰਲੇ ਮੱਤ ਭੇਦ ਅੰਦਰੂਨੀ ਬਹਿਸ ਦਾ ਮੁਦਾ ਬਣਨਾ ਚਾਹੀਦੇ ਹਨ।

ਪਿਛਲੇ ਸੋਲਾਂ-ਸਤਾਰਾਂ ਸਾਲ ਦਾ ਤਜਰਬਾ ਇਹ

ਵੀ ਸਾਫ ਕਰਦਾ ਹੈ ਕਿ ਕਮਿਊਨਿਸਟ ਇਨਕਲਾਬੀਆਂ ਦਰਮਿਆਨ ਚੱਲਦੀ ਵਿਚਾਰਧਾਰਕ-ਰਾਜਨੀਤਕ ਬਹਿਸ, ਕਮਿਊਨਿਸਟ ਇਨਕਲਾਬੀਆਂ ਨੂੰ ਇਕੱਠੇ ਕਰਨ 'ਚ ਕਾਮਯਾਬ ਨਹੀਂ ਹੋਈ। ਸਗੋਂ ਦਿਨੋ-ਦਿਨ ਫੁੱਟਾਂ-ਟੁੱਟਾਂ 'ਚ ਈ ਵਾਧਾ ਹੋਇਆ ਹੈ। ਇਸ ਦੇ ਉਲਟ ਸਮੇਂ-ਸਮੇਂ ਸਿਰ ਚੱਲਦੇ ਸੰਘਰਸ਼ਾਂ ਸਮੇਂ ਸਾਂਝੀਆਂ ਐਕਸ਼ਨ ਕਮੇਟੀਆਂ ਬਣਦੀਆਂ ਰਹੀਆਂ ਹਨ। ਜਿਵੇਂ, ਮੋਗਾ ਐਜੀਟੇਸ਼ਨ, ਰੰਧਾਵਾ ਐਜੀਟੇਸ਼ਨ, ਕਰਾਇਆ ਘੋਲ ਅਤੇ ਫਿਰਕਾ-ਪ੍ਰਸਤੀ-ਵਿਰੋਧੀ ਸਾਂਝੀ ਐਕਸ਼ਨ ਕਮੇਟੀ ਆਦਿ। ਮੇਰਾ ਇਹ ਉਦਾਹਰਣਾਂ ਦੇਣ ਤੋਂ ਭਾਵ ਹੈ ਕਿ ਅੱਜ ਦੇ ਸਮੇਂ 'ਚ ਸਾਂਝੀ ਵਿਚਾਰਧਾਰਾ ਦੀ ਰੋਸ਼ਨੀ 'ਚ ਹੋਣ ਵਾਲਾ ਅਮਲ ਹੀ ਏਕਤਾ ਦਾ ਮੁਖ ਆਧਾਰ ਬਣ ਸਕਦਾ ਹੈ। ਇਸ ਦਾ ਅਰਥ ਇਹ ਕੱਢਣਾ ਗਲਤ ਹੋਵੇਗਾ ਕਿ ਵਿਚਾਰਧਾਰਕ-ਰਾਜਨੀਤਕ ਬਹਿਸ ਦੀ ਕੋਈ ਅਹਿਮੀਅਤ ਈ ਨਹੀਂ। ਇਸ ਦੀ ਬੇਹੱਦ ਅਹਿਮੀਅਤ ਹੈ। ਪਰ ਅਮਲ 'ਤੇ ਅਧਾਰਤ ਬਹਿਸ ਹੀ, ਵਿਚਾਰਧਾਰਕ ਅਤੇ ਰਾਜਨੀਤੀ 'ਚ ਸਪੱਸ਼ਟਤਾ ਲਿਆ ਸਕਦੀ ਹੈ। ਬੀਤੇ ਦੇ ਅਮਲ 'ਚੋਂ ਨਿਖਰੀ ਵਿਚਾਰਧਾਰਾ ਅਤੇ ਰਾਜਨੀਤੀ ਦੀ ਰੌਸ਼ਨੀ 'ਚ ਹੁੰਦਾ ਅਮਲ ਹੀ ਏਕਤਾ ਦਾ ਆਧਾਰ ਬਣਨਾ ਚਾਹੀਦਾ ਹੈ। ਇਸੇ ਰਾਹੀਂ ਹੀ ਦਰੁਸਤ ਲਾਇਨ ਹੋਂਦ 'ਚ ਆਵੇਗੀ।

ਮੋਟੇ-ਮੋਟੇ ਉਪਰੋਕਤ ਸੁਝਾ ਮੈਂ ਤੁਹਾਡੇ ਧਿਆਨ 'ਚ ਲਿਆ ਰਿਹਾ ਹਾਂ। ਬਾਕੀ ਵਿਸਥਾਰ 'ਚ ਆਪਣੇ ਵਿਚਾਰ 9 ਨਵੰਬਰ ਵਾਲੀ ਕਨਵੈਂਸ਼ਨ 'ਚ ਰੱਖਾਂਗਾ।

ਇਕ ਵਾਰੀ ਫੇਰ ਮੈਂ ਤੁਹਾਡੇ ਵਲੋਂ ਕਮਿਊਨਿਸਟ-ਇਨਕਲਾਬੀਆਂ ਨੂੰ ਇਕੱਠੇ ਕਰਨ ਲਈ ਕੀਤੀ ਪਹਿਲ-ਕਦਮੀ ਦੀ ਪਰਸ਼ੰਸਾ ਕਰਦਾ ਹਾਂ ਅਤੇ ਤੁਹਾਨੂੰ ਯਕੀਨ ਦਵਾਉਂਦਾ ਹਾਂ ਕਿ ਇਸ ਸ਼ੁਭ ਕੰਮ 'ਚ ਮੈਂ ਆਪਣਾ ਬਣਦਾ ਹਿੱਸਾ ਪਾਵਾਂਗਾ।

ਇਨਕਲਾਬੀ ਸ਼ੁਭ ਇੱਛਾਵਾਂ ਨਾਲ

ਬਾਰੂ ਸਤਵਰਗ

## 5. ਇਨਕਲਾਬੀ ਏਕਤਾ ਕੇਂਦਰ ਦੀ ਉਸਾਰੀ ਬਾਰੇ

ਗੁਰਸ਼ਰਨ ਭਾ ਜੀ, ਇਨਕਲਾਬੀ ਏਕਤਾ ਕੇਂਦਰ ਦੀ ਉਸਾਰੀ ਬਾਰੇ ਤੁਹਾਡੇ ਵਲੋਂ ਕੀਤੀ ਗਈ ਪਹਿਲ-ਕਦਮੀ ਸ਼ਲਾਹੁਣਯੋਗ ਹੈ। ਅੱਜ ਪੰਜਾਬ ਜਿਸ ਤਰ੍ਹਾਂ ਦੇ ਫਿਰਕੂ ਦੌਰ 'ਚੋਂ ਲੰਘ ਰਿਹਾ ਹੈ ਤੇ ਜਿਵੇਂ ਇਥੋਂ ਦੀਆਂ ਹਾਕਮ-ਜਮਾਤਾਂ ਤੇ ਸਾਮਰਾਜੀਏ ਆਪਣੇ ਨਾਪਾਕ ਮਨਸੂਬਿਆਂ ਦੀ ਖਾਤਰ ਇਥੇ ਚਾਲਾਂ ਚੱਲ ਰਹੇ ਹਨ, ਇਸ ਤਰਾਂ ਦੇ ਮਾਹੌਲ 'ਚ 'ਘਟਨਾਵਾਂ ਦਾ ਇਨਕਲਾਬੀ ਬਦਲ' ਉਸਾਰੇ ਤੋਂ ਬਿਨਾਂ ਇਥੇ ਹਾਲਾਤ ਸੁਧਰਨ ਦੀ ਆਸ ਨਹੀਂ ਕੀਤੀ ਜਾ ਸਕਦੀ। ਤੇ ਜੇ ਸਾਰੀਆਂ ਇਨ-ਕਲਾਬੀ ਧਿਰਾਂ ਸੁਹਿਰਦਤਾ ਨਾਲ ਇਕ ਕੇਂਦਰ 'ਚ ਇਕੱਠੀਆਂ ਹੋ ਜਾਣ ਤਾਂ ਘਟਨਾਵਾਂ ਦਾ ਅਜਿਹਾ ਬਦਲ ਉਸਾਰਨਾ ਕੋਈ ਔਖੀ ਗੱਲ ਨਹੀਂ।

o ਪੰਜਾਬ 'ਚ ਖਾੜਕੂ ਲੋਕ-ਘੋਲਾਂ ਤੇ ਕੁਰਬਾਨੀਆਂ ਦਾ ਇਕ ਸ਼ਾਨਦਾਰ ਵਿਰਸਾ ਹੈ। ਵੀਹਵੀਂ ਸਦੀ 'ਚ ਹੀ ਗਦਰ ਪਾਰਟੀ, ਬੱਬਰ ਅਕਾਲੀ ਲਹਿਰ, ਭਗਤ ਸਿੰਘ ਹੋਰਾਂ ਦੀ ਸ਼ੋਸਲਿਸਟ ਰੀਪਬਲਿਕ ਆਰਮੀ, ਪੈਪਸੂ ਦੀ ਮੁਜ਼ਾਰਾ ਤਹਿਰੀਕ, ਨਕਸਲਬਾੜੀ ਲਹਿਰ-ਹਰ ਦਸ ਜਾਂ ਪੰਦਰਾਂ ਸਾਲਾਂ ਬਅਦ ਇਥੇ ਕੋਈ ਨਾ ਕੋਈ ਖਾੜਕੂ ਲਹਿਰ ਉਠੀ ਹੈ। ਲੋਕਾਂ ਦੀ ਬੇਚੈਨੀ ਤੇ ਗੁੱਸਾ ਬਗਾਵਤ ਦੇ ਰਾਹ ਤੁਰਿਆ ਹੈ। ਆਪਣੇ ਆਪਣੇ ਸਮਾਜਕ ਆਰਥਕ ਸੰਦਰਭ'ਚ ਇਹਨਾਂ ਲਹਿਰਾਂ ਦੀਆਂ ਆਪਣੀਆਂ ਪ੍ਰਾਪਤੀਆਂ ਤੇ ਅਪ੍ਰਾਪਤੀਆਂ ਹਨ। ਪਰ ਸਮਾਜ 'ਚੋਂ ਬੇਚੈਨੀ ਦੇ ਉਹ ਬੁਨਿਆਦੀ ਕਾਰਨ, ਜਿਨ੍ਹਾਂ ਕਰਕੇ ਇਹ ਲਹਿਰਾਂ ਉਠੀਆਂ, ਅਜੇ ਦੂਰ ਨਹੀਂ ਹੋਏ। ਇਸੇ ਬੇਚੈਨੀ ਨੂੰ ਅੱਜ ਫਿਰਕੂ ਜਨੂੰਨੀਏ, ਸਰਕਾਰ ਤੇ ਸਾਮਰਾਜੀਏ ਆਪਣੇ ਆਪਣੇ ਢੰਗ ਨਾਲ ਵਰਤਣ ਦਾ ਯਤਨ ਕਰ ਰਹੇ ਹਨ। ਇਸਦਾ ਹਲ ਸਖਤੀ ਵਰਤਣ 'ਚ ਨਹੀਂ (ਜਿਹੜੀ ਕਿ ਸਰਕਾਰ ਉਦੋਂ ਵਰਤਦੀ ਹੈ ਜਦੋਂ ਉਸਨੂੰ ਗੱਲ ਆਪਣੇ ਹੱਥਾਂ 'ਚੋਂ ਨਿਕਲਦੀ ਲੱਗੇ) ਤੇ ਨਾ ਲੂੰਬੜਚਾਲਾਂ ਵਰਗੇ ਸਮਝੌਤਿਆਂ 'ਚ ਹੈ।

ਜੇ ਸਾਰੀਆਂ ਇਨਕਲਾਬੀ ਧਿਰਾਂ, ਇਕ ਕੇਂਦਰ 'ਚ ਜਥੇਬੰਦ ਹੋ, ਲੋਕਾਂ ਦੇ ਜਾਇਜ਼ ਮਸਲਿਆਂ ਨੂੰ ਲੈ ਕੇ, ਸੰਘਰਸ਼ ਦਾ ਕੋਈ ਇਨਕਲਾਬੀ ਬਦਲ ਉਸਾਰਦੀਆਂ ਹਨ ਤਾਂ ਲੋਕ ਨਿਰਸੰਦੇਹ ਉਸ ਕੇਂਦਰ ਵੱਲ ਖਿੱਚੇ ਜਾਣਗੇ। ਲੋਕ-ਫਿਰਕੂ ਰਾਜਨੀਤੀ ਤੋਂ ਤੰਗ ਆ ਚੁੱਕੇ ਹਨ (ਸਿਵਾਏ ਕੁਝ ਗਿਣਤੀ ਦੇ ਸਵਾਰਥੀਆਂ ਨੂੰ ਛੱਡ ਕੇ) ਦਹਿਸ਼ਤ-ਗਰਦੀ ਦੇ ਰਾਹ ਤੁਰੇ ਬਹੁਤੇ ਨੌਜੁਆਨਾਂ 'ਚ ਵੀ ਇਸ ਤੋਂ ਨਿਰਾਸ਼ਾ ਹੈ। ਸੋ ਇਸ ਸਮਾਜਕ, ਆਰਥਕ, ਰਾਜਨੀਤਕ ਸੰਦਰਭ 'ਚ ਇਕ ਇਨਕਲਾਬੀ ਕੇਂਦਰ ਵਾਸਤੇ ਲੋਕ-ਲਾਮਬੰਦੀ ਨੂੰ ਆਪਣੇ ਉਦਾਲੇ ਉਸਾਰਨ ਦਾ ਵਧੀਆ ਮੌਕਾ ਹੈ। ਪਿਛਲੇ ਛੇ ਸੱਤ ਸਾਲਾਂ 'ਚ ਕਿਰਤੀ ਕਿਸਾਨ ਯੂਨੀਅਨ ਅਤੇ ਭਾਰਤੀ ਕਿਸਾਨ ਯੂਨੀਅਨ ਦੇ ਘੋਲਾਂ ਨੂੰ ਤੱਕ, ਸਹਿਜੇ ਹੀ ਉਪਰੋਕਤ ਨਤੀਜੇ ਤੇ ਅਪੜਿਆ ਜਾ ਸਕਦਾ ਹੈ। ਉਹਨਾਂ ਦੀਆਂ ਸੀਮਾਵਾਂ ਤੇ ਸਮਰਥਾਵਾਂ ਅਨੁਸਾਰ ਲੋਕਾਂ ਨੇ ਉਹਨਾਂ ਨੂੰ ਭਰਵਾਂ ਹੁੰਗਾਰਾ ਦਿੱਤਾ ਹੈ।

o ਇਸ ਕੇਂਦਰ ਦਾ ਨਾਂ 'ਇਨਕਲਾਬੀ ਕੇਂਦਰ ਪੰਜਾਬ' ਰੱਖਣਾ ਚਾਹੀਦਾ ਹੈ। ਨਕਸਲਬਾੜੀ ਦੀ ਕਿਸਾਨੀ ਬਗਾਵਤ, ਭਾਰਤ ਦੀ ਕਮਿਊਨਿਸਟ ਤਹਿਰੀਕ 'ਚ, ਸੁਨਹਿਰੀ ਅੱਖਰਾਂ 'ਚ ਲਿਖਿਆ ਜਾਣਯੋਗ ਕਾਂਡ ਹੈ।

ਪਰ ਸਾਨੂੰ ਹਰ ਗੱਲ ਉਥੋਂ ਹੀ ਨਹੀਂ ਸ਼ੁਰੂ ਕਰਨੀ ਚਾਹੀਦੀ। ਦੋ ਦਹਾਕਿਆਂ ਤੋਂ ਬਾਅਦ ਉਸ ਨਾਂ ਨੂੰ ਭਾਵੁਕਤਾ-ਵਸ ਵਰਤੀ ਜਾਣਾ ਠੀਕ ਨਹੀਂ। ਅਸੀਂ ਇਕ ਅਜਿਹੇ ਕੇਂਦਰ ਦੀ ਉਸਾਰੀ ਵੱਲ ਜਾ ਰਹੇ ਹਾਂ ਜਿਹਦਾ ਨਿਸ਼ਾਨਾ ਸਿਰਫ਼ ਇਨਕਲਾਬੀਆਂ 'ਚ ਏਕਤਾ ਕਰਨਾ ਹੀ ਨਹੀਂ, ਸਗੋਂ ਉਸ ਏਕਤਾ ਕੇਂਦਰ ਦੇ ਉਦਾਲੇ ਪੰਜਾਬ 'ਚ ਲੋਕ ਘੋਲਾਂ ਦਾ ਇਕ ਖਾੜਕੂ ਬਦਲ ਉਸਾਰਨਾ ਹੈ, ਜਿਸ 'ਚ ਲੋਕਾਂ ਦੀ ਵਿਸ਼ਾਲ ਲਾਮਬੰਦੀ ਹੋਵੇਗੀ। ਜੋ ਆਪਣੇ ਅੰਤਮ ਕਾਜ ਪ੍ਰਤੀ ਸੁਹਿਰਦ ਰਹਿੰਦਿਆਂ ਕੋਈ ਅਜਿਹਾ ਨਾਂ ਰੱਖਣਾ ਚਾਹੀਦਾ ਹੈ ਜਿਹਦਾ ਆਧਾਰ ਸਿਰਫ਼ ਭਾਵੁਕਤਾ ਨਾ ਹੋਵੇ।

o ਫਿਰਕਾਪ੍ਰਸਤੀ ਕੋਈ ਅਮੂਰਤ ਸੰਕਲਪ ਨਹੀਂ ਹੈ। ਇਹਦੀਆਂ ਜੜ੍ਹਾਂ ਸਮਾਜ 'ਚ ਹਨ। ਤੇ ਅੱਜ ਜਿਸ ਦੌਰ 'ਚ ਇਹ ਦਾਖਲ ਹੋ ਚੁੱਕੀ ਹੈ, ਇਹਦਾ ਮੁਕਾਬਲਾ ਸਿਰਫ਼ ਪ੍ਰੈਸ-ਬਿਆਨਾਂ, ਭਾਸ਼ਣਾਂ, ਡਰਾਮਿਆਂ, ਕਵਿਤਾਵਾਂ, ਸਾਹਿਤ ਜਾਂ ਰੈਡ-ਗਾਰਡਾਂ ਰਾਹੀਂ ਨਹੀਂ ਕੀਤਾ ਜਾ ਸਕਦਾ-ਭਾਵੇਂ ਇਹ ਇਕ ਪੱਖ ਜ਼ਰੂਰ ਹੈ-ਸਗੋਂ ਨਾਲ ਦੀ ਨਾਲ ਲੋਕਾਂ ਦੇ ਮਸਲਿਆਂ ਨੂੰ ਲੈ ਕੇ, ਸੰਘਰਸ਼ ਦਾ ਮੰਚ ਉਸਾਰ ਕੇ ਹੀ ਲੋਕਾਂ ਦਾ ਧਿਆਨ ਇਸ ਵਲੋਂ ਮੋੜਿਆ ਜਾ ਸਕਦਾ ਹੈ ਤੇ ਅਜਿਹਾ ਮੰਚ, ਸਾਰੀਆਂ ਇਨਕਲਾਬੀ ਧਿਰਾਂ ਦਾ ਸਾਂਝਾ ਕੇਂਦਰ ਹੀ ਮੁਹੱਈਆ ਕਰ ਸਕਦਾ ਹੈ। —ਬਲਬੀਰ ਪਰਵਾਨਾ ਤੇ ਸਾਥੀ

**6.** ਸਤਿਕਾਰਯੋਗ ਭਾਅ ਜੀ, ਸਮਤਾ ਦਾ ਅਗਸਤ ਅੰਕ ਪੜ੍ਹਨ ਨੂੰ ਮਿਲਿਆ, ਜਿਸ ਵਿਚ ਆਪ ਜੀ ਨੇ ਨਕਸਲਬਾੜੀਆਂ ਦੇ ਨਾਂ ਖੁੱਲ੍ਹੀ ਚਿੱਠੀ ਪ੍ਰਕਾਸ਼ਤ ਕਰ ਕੇ ਉਨ੍ਹਾਂ ਨੂੰ ਇਕ ਪਲੇਟਫਾਰਮ ਤੇ ਇਕੱਠਾ ਕਰਨ ਦੀ ਇਛਾ ਜ਼ਾਹਿਰ ਕੀਤੀ ਹੈ ਜਿਸ ਲਈ ਆਪ ਨੇ 9 ਨਵੰਬਰ ਨੂੰ ਜਲੰਧਰ ਵਿਖੇ ਇਕ ਇਕੱਠ ਸੱਦਿਆ ਹੈ, ਜਿਸ ਤੇ ਅਸੀਂ ਤੁਹਾਨੂੰ ਵਧਾਈ ਦੇ ਪਾਤਰ ਸਮਝਦੇ ਹਾਂ ਕਿਉਂਕਿ ਤੁਹਾਡੀ ਪਹੁੰਚ ਏਕਤਾ ਵਾਲੀ ਹੈ ਤੇ ਤੁਹਾਡੀਆਂ ਇਛਾਵਾਂ ਵੀ ਏਕਤਾਵਾਦੀ ਹਨ। ਪਰ ਉਸ ਚਿੱਠੀ ਵਿਚ ਇਕ ਮਹੱਤਵਪੂਰਨ ਨੁਕਤਾ, ਜੋ ਪਹਿਲਾਂ ਵੀ ਸਮਤਾ ਵਿਚ ਵਾਦ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ, ਵੱਲ ਆਪ ਦਾ ਧਿਆਨ ਦਵਾਉਣਾ ਚਾਹੁੰਦੇ ਹਾਂ। ਉਹ ਪੰਜਾਬ ਸਮੱਸਿਆ ਦੇ ਪੈਦਾ ਹੋਣ ਦੇ ਕਾਰਣ, ਇਸ ਵਿਚ ਵਖ ਵਖ ਸਿਆਸੀ ਪਾਰਟੀਆਂ (ਖਾਸ ਕਰ ਕਾਂਗਰਸ ਅਤੇ ਅਕਾਲੀ) ਦਾ ਰੋਲ, ਇਸ ਦਾ ਹੱਲ ਕੀ ਹੈ?

ਇਸ ਵਿਚ ਸਭ ਤੋਂ ਪਹਿਲਾਂ ਜੋ ਆਪਣੇ ਵਿਵਾਦ ਦਾ ਨੁਕਤਾ ਹੈ, ਉਹ ਇਹ ਹੈ ਕਿ ਕੀ ਭਾਰਤੀ ਰਾਜ ਧਰਮ ਨਿਰਪਖ ਹੈ? ਜਾਂ ਧਰਮ ਨਿਰਪਖਤਾ ਦੇ ਬੁਰਕੇ ਹੇਠ ਘਟ ਗਿਣਤੀਆਂ ਨਾਲ ਵਿਤਕਰੇਬਾਜ਼ੀ ਕਰਦਾ ਹੈ? ਇਸ ਤੇ ਹਿੰਦੋਸਤਾਨ ਪੱਧਰ ਦੀਆਂ ਸਾਰੀਆਂ ਹੀ ਪਾਰਟੀਆਂ ਇਸ ਨੂੰ ਧਰਮ ਨਿਰਪੱਖ ਮੰਨਦੀਆਂ ਹਨ। ਜੈਕਾਰਾ, ਸੁਰਖ ਰੇਖਾ, ਇਨਕਲਾਬੀ ਜਨਤਕ ਲੀਹ, ਟਾਕਰਾ, ਕਮਿਊਨਿਸਟ ਬਰੀਗੇਡ, ਹਿਰਾਵਲ ਦਸਤਾ ਆਦਿ (ਨਕਸਲੀ ਗਰੁੱਪਾਂ ਦੇ ਪੇਪਰਾਂ) ਨੇ ਕਦੇ ਵੀ ਇਸ ਤੇ ਆਪਣਾ ਸਟੈਂਡ ਸਪੱਸ਼ਟ ਨਹੀਂ ਕੀਤਾ। ਜੇ ਇਨ੍ਹਾਂ ਵਿਚੋਂ ਕੋਈ ਮਾੜੀ ਮੋਟੀ ਘੱਟ ਗਿਣਤੀਆਂ ਨਾਲ ਵਿਤਕਰੇ ਦੀ ਗੱਲ ਕਰਦਾ ਹੈ ਤਾਂ ਉਹ ਦੋ ਚਾਰ ਸ਼ਬਦ ਰਾਜ ਦੇ ਖਿਲਾਫ ਬੋਲ ਕੇ ਬਾਕੀ ਸਾਰਾ ਨਜ਼ਲਾ ਘੱਟ ਗਿਣਤੀਆਂ ਤੇ ਹੀ ਝਾੜਦੇ ਹਨ। ਤੁਸੀਂ ਆਪ ਹੀ ਸੋਚੋ ਕਿ ਜਦੋਂ ਕੋਈ ਇਹ ਨਹੀਂ ਸਮਝਦਾ ਕਿ ਬੀਮਾਰੀ ਦੀ ਜੜ੍ਹ ਹੈ ਕੀ? ਫਿਰ ਉਹ ਬਿਮਾਰੀ ਨੂੰ ਠੀਕ ਕਿਵੇਂ ਕਰ ਸਕਦਾ ਹੈ। ਜਿਵੇਂ ਬਹੁ ਗਿਣਤੀ ਕਮਿਊਨਿਸਟ ਤਾਂ ਇਕ ਮੋਟੀ ਜਿਹੀ ਗੱਲ ਰੱਖਦੇ ਹਨ ਕਿ ਫਿਰਕਾਪ੍ਰਸਤੀ ਹਾਕਮ ਜਮਾਤਾਂ ਦਾ ਭੇੜ ਹੈ, ਕੁਰਸੀ ਯੁੱਧ ਹੈ, ਰੂਸ ਅਮਰੀਕਾ ਦੀ ਚਾਲ ਹੈ। ਜੋ ਇਕ ਆਮ ਗੱਲ ਹੈ। ਠੋਸ ਰੂਪ ਵਿਚ ਅਸੀਂ ਸਮਝਦੇ ਹਾਂ ਪੰਜਾਬ ਸਮੱਸਿਆ ਜਾਂ ਹਿੰਦੋਸਤਾਨ ਵਿਚ ਫਿਰਕਾਪ੍ਰਸਤੀ ਦੀ ਸਮੱਸਿਆ ਭਾਰਤੀ ਰਾਜ ਦੀ ਦੇਣ ਹੈ। ਜੋ ਘੱਟ ਗਿਣਤੀ ਧਰਮਾਂ ਨਾਲ ਵਿਤਕਰੇ ਦੀ ਲਾਈਨ ਅਪਣਾਉਣਾ ਹੈ। ਜਿਵੇਂ ਸੰਵਿਧਾਨ ਵਿਚ ਇਹ ਦਰਜ ਕਰਨਾ ਕਿ ਇੰਡੀਆ ਦਾ ਅਰਥ ਭਾਰਤ ਹੈ। ਜੋ ਹਿੰਦੂ ਸੰਸਕ੍ਰਿਤੀ ਨਾਲ ਜੁੜਿਆ ਹੈ। ਸੰਵਿਧਾਨ ਵਿਚ ਇਹ ਦਰਜ ਕਰਨਾ ਕਿ ਅਨਸੂਚਿਤ ਜ਼ਾਤੀਆਂ ਰੀਜ਼ਰਵੇਸ਼ਨ ਸਿਰਫ ਤਾਂ ਹੀ ਮਾਣ ਸਕਦੀਆਂ ਹਨ ਜੇ ਉਹ ਆਪਣੇ ਆਪ ਨੂੰ ਹਿੰਦੂ ਧਰਮ ਦਾ ਅੰਗ ਸਮਝਣਗੇ। ਹਿੰਦੀ ਨੂੰ ਕੌਮੀ ਭਾਸ਼ਾ ਦਾ ਦਰਜਾ ਦੇਣਾ ਜੋ ਹਿੰਦੂ ਧਰਮ ਦਾ ਅੰਗ ਮੰਨੀ ਜਾਂਦੀ ਹੈ ਅਤੇ ਹਿੰਦੋਸਤਾਨ ਦੇ ਬਹੁ ਗਿਣਤੀ ਲੋਕ ਹਿੰਦੀ ਨਹੀਂ ਬੋਲਦੇ, ਜਨਗਨ ਮਨ ਅਤੇ ਬੰਦੇ ਮ ਤਰਮ ਨੂੰ ਕੌਮੀ ਗੀਤ ਵਜੋਂ ਪੇਸ਼ ਕਰਨਾ, ਜੋ ਹਿੰਦੂਵਾਦ ਨੂੰ ਉੱਚਾ ਚੁੱਕਦੇ ਹਨ। ਆਂਧਰਾ ਦੇ ਮੰਦਰ 'ਚੋਂ ਹਿੰਦੂ ਧਰਮ ਦਾ ਪ੍ਰਸਾਰਨ ਕਰਨਾ ਰਾਜ ਵਲੋਂ ਸੰਸਕ੍ਰਿਤ ਦੇ ਟੀਚਰਾਂ ਨੂੰ ਵਿਸ਼ੇਸ ਇੰਕਰੀਮੈਂਟ ਦੇਣੇ ਗੰਗਾ ਦੇ ਪਾਣੀ ਨੂੰ ਸਾਫ ਕਰਨ ਲਈ ਵਿਸ਼ੇਸ਼ ਸਕੀਮਾਂ ਤੇ ਬਜਟ ਵਿਚ ਪੈਸਾ ਰੱਖਣਾ ਜੋ ਕਿ ਹਿੰਦੂ ਧਰਮ ਅਨੁਸਾਰ ਇਕ ਸ਼ੁਭ ਨਦੀ ਮੰਨੀ ਜਾਂਦੀ ਹੈ। ਮੋਰ ਨੂੰ ਕੌਮੀ ਪੰਛੀ ਦਾ ਦਰਜਾ ਦੇਣਾ ਜੋ ਕਿ ਹਿੰਦੂ ਧਰਮ ਅਨੁਸਾਰ ਇਕ ਸ਼ੁਭ ਪੰਛੀ ਮੰਨਿਆ ਜਾਂਦਾ ਹੈ। ਕੌਮੀ ਨਿਸ਼ਾਨ ਥੱਲੇ 'ਸੱਤੇ ਮੇਵ ਜੱਯਤੇ' ਲਿਖਣਾ ਜੋ ਹਿੰਦੂ ਸਾਹਿਤ ਦਾ ਭਾਗ ਹੈ।

ਉਪਰੋਕਤ ਹਿੰਦੂ ਪੁਨਰ ਜਾਗਰਣਵਾਦ ਦੀ ਲਾਈਨ

ਹੀ ਹੈ, ਜਿਸਨੇ 1947 ਤੋਂ ਸਾਰੀਆਂ ਧਾਰਮਿਕ ਘੱਟ ਗਿਣਤੀਆਂ (ਸਿੱਖ, ਇਸਾਈ, ਬੋਧੀ ਜੈਨੀ ਆਦਿ) ਨਾਲ ਧੋਖੇਬਾਜ਼ੀਆਂ ਕੀਤੀਆਂ। ਇਹੀ ਨੀਤੀ ਹੈ ਜਿਸਨੇ ਪੰਜਾਬ ਨਾਲ ਆਮ ਤੌਰ ਤੇ ਅਤੇ ਸਿੱਖਾਂ ਨਾਲ ਖਾਸ ਤੌਰ ਤੇ ਵਿਤਕਰੇਬਾਜ਼ੀ ਦੀ ਲਾਈਨ ਅਖਤਿਆਰ ਕੀਤੀ ਹੈ। ਜੋ ਹੇਠ ਲਿਖੇ ਤੱਥਾਂ ਤੋਂ ਜ਼ਾਹਰ ਹੈ।

**1. ਪੰਜਾਬੀ ਸੂਬਾ ਬਣਾਉਣ ਦੇ ਸਵਾਲ ਤੇ :** ਕਾਂਗਰਸ ਨੇ 1947 ਤੋਂ ਪਹਿਲਾਂ ਵਾਅਦੇ ਦੇ ਬਾਵਜੂਦ ਵੀ ਭਾਸ਼ਾ ਦੇ ਅਧਾਰ ਤੇ ਸੂਬੇ ਨਹੀਂ ਬਣਾਏ। ਜੇਕਰ ਸੰਘਰਸ਼ਾਂ ਸਦਕਾ 1956 ਦੇ ਵਿਚ ਭਾਸ਼ਾ ਦੇ ਅਧਾਰ ਤੇ ਦੂਜੇ ਸੂਬੇ ਬਣਾ ਵੀ ਦਿਤੇ ਤਾਂ ਪੰਜਾਬ ਉਦੋਂ ਵੀ ਨਹੀਂ ਬਣਾਇਆ ਸਗੋਂ 1966 ਵਿਚ ਅਕਾਲੀ ਅੰਦੋਲਨ ਤੋਂ ਬਾਅਦ ਬਣਾਇਆ ਹੈ।

**2. ਭਾਸ਼ਾ ਦੇ ਸਵਾਲ ਬਾਰੇ :** 1966 ਤੱਕ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਨਾ ਦੇਣਾ, ਦਿਲੀ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਬਣਾਉਣਾ ਹਾਲਾਂਕਿ ਅੱਧੀ ਗਿਣਤੀ ਪੰਜਾਬੀਆਂ ਦੀ ਵਸੋਂ ਸੀ (ਦਿੱਲੀ ਦੰਗਿਆਂ ਤੋਂ ਪਹਿਲਾਂ)

**3. ਚੰਡੀਗੜ੍ਹ ਬਾਰੇ :** ਜੋ ਆਰਥਕ, ਰਾਜਨੀਤਕ, ਸੱਭਿਆਚਾਰਕ ਤੌਰ ਤੇ ਪੰਜਾਬ ਦਾ ਬਣਦਾ ਹੈ, ਖੁਦ ਨਹਿਰੂ, ਇੰਦਰਾ, ਰਾਜੀਵ ਪੰਜਾਬ ਦਾ ਮੰਨਦੇ ਰਹੇ ਹਨ ਅਤੇ ਮੰਨ ਰਹੇ ਹਨ ਪਰ ਪੰਜਾਬ ਨੂੰ ਦੇਣ ਤੋਂ ਕੰਨੀਂ ਕਤਰਾਉਂਦੇ ਰਹੇ ਹਨ ਅਤੇ ਕਤਰਾ ਰਹੇ ਹਨ।

**4. ਪਾਣੀ ਬਾਰੇ :** ਕਾਨੂੰਨਾਂ ਅਨੁਸਾਰ ਪਾਣੀ ਦੀ ਵੰਡ ਨਾ ਕਰਨਾ।

**5. ਥੀਨ ਡੈਮ ਬਾਰੇ :** ਇਸ ਦੀ ਮਨਜ਼ੂਰੀ ਲੰਮੇ ਸੰਘਰਸ਼ ਤੋਂ ਬਾਅਦ ਦੇਣਾ।

**6. ਭਾਸ਼ਾਈ ਇਲਾਕਿਆਂ ਬਾਰੇ :** ਪਿੰਡ ਨੂੰ ਇਕਾਈ ਮੰਨ ਕੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਅਤੇ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਨਾ ਦੇਣਾ।

**7. ਵੱਧ ਅਧਿਕਾਰਾਂ ਬਾਰੇ :** ਰਾਜਾਂ ਨੂੰ ਵੱਧ ਅਧਿਕਾਰ ਨਾ ਦੇਵਾਂ ਜੋ ਇਕ ਜਮਹੂਰੀ ਮੰਗ ਹੈ। ਇਹੀ ਕਾਰਨ ਹਨ ਪੰਜਾਬ ਵਿਚ ਅਕਾਲੀ ਅੰਦੋਲਨ ਪੈਦਾ ਹੋਣ ਦੇ, ਹੁਣ ਜੇਕਰ ਇਸ ਨੂੰ ਕੋਈ ਕੁਰਸੀ ਯੁੱਧ ਕਹੇ ਤਾਂ ਮੂਰਖਤਾ ਹੋ ਸਕਦੀ ਹੈ। ਰਾਜਸੀ ਪਾਰਟੀਆਂ ਰਾਜਸੀ ਸੱਤਾ ਲੈਣ ਲਈ ਭੀ ਅੰਦੋਲਨ ਕਰਦੀਆਂ ਹਨ।

ਪਰ ਕਾਂਗਰਸ ਪਾਰਟੀ ਨੇ ਪੰਜਾਬ ਦੀਆਂ ਜਾਇਜ਼ ਮੰਗਾਂ ਪ੍ਰਵਾਨ ਕਰਨ ਦੀ ਥਾਂ ਅਕਾਲੀ ਪਾਰਟੀ ਨੂੰ ਪਾੜਨ ਦੀ ਅਤੇ ਇਸ ਅੰਦੋਲਨ ਨੂੰ 1984 ਵਾਲੀਆਂ ਚੋਣਾਂ ਜਿੱਤਣ ਲਈ ਵਰਤਣਾ ਸ਼ੁਰੂ ਕਰ ਦਿੱਤਾ ਹਾਲਾਂ ਕਿ ਜੇ ਉਹ ਇਸ ਮਸਲੇ ਪ੍ਰਤੀ ਗੰਭੀਰ ਹੁੰਦੀ ਤਾਂ ਇਸਦਾ ਹੱਲ 1981 ਵਿਚ ਹੀ ਕਰ ਸਕਦੀ ਸੀ। ਪਰ ਉਸਦੀ ਗੰਦੀ ਸਿਆਸਤ ਨੇ ਅਕਾਲੀ ਮੋਰਚੇ 'ਚ ਅਤਿਵਾਦੀ ਕਾਰਵਾਈਆਂ ਨੂੰ ਸ਼ਹਿ ਦਿੱਤੀ ਅਤੇ ਸ਼ਾਂਤਮਈ ਲੋਕਾਂ ਜਬਰ ਦਾ ਕੁਹਾੜਾ ਵਾਹਿਆ, ਜਿਸ ਨਾਲ ਪੰਜਾਬ ਵਿਚ ਹਿੰਦੂਆਂ ਦੇ ਕਤਲ ਹੋਣੇ ਸ਼ੁਰੂ ਹੋਏ, ਕਾਂਗਰਸ ਦੇ ਹਿੱਤ ਪੂਰੇ ਹੋਣੇ ਸ਼ੁਰੂ ਹੋ ਗਏ ਅਤੇ ਉਸਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸਾਰੇ ਹਿੰਦੁਸਤਾਨ ਵਿਚ ਕਿ ਪੰਜਾਬ ਵਿਚ ਹਿੰਦੂਆਂ ਨੂੰ ਖਤਰਾ ਹੈ। ਪੰਜਾਬ ਵਿਚ ਵੱਖਵਾਦੀ ਤਾਕਤਾਂ ਨੇ ਸਿਰ ਚੁੱਕ ਲਿਆ ਹੈ। ਪੰਜਾਬ, ਹਰਿਆਣੇ ਤੇ ਰਾਜਸਥਾਨ ਦਾ ਪਾਣੀ ਖੋਹਂਦਾ ਹੈ। ਹਾਲਤ ਇਥੋਂ ਤੱਕ ਪਹੁੰਚ ਗਏ ਕਿ ਜੂਨ 84 ਵਿਚ ਮਿਲਟਰੀ ਐਕਸ਼ਨ ਕਰਕੇ ਸਾਰੇ ਹਿੰਦੋਸਤਾਨ ਵਿਚ ਕਾਂਗਰਸ ਨੇ ਹਿੰਦੂ ਸ਼ਾਵਨਵਾਦ ਨੂੰ ਭਾਰਤੀ ਜਨਤਾ ਪਾਰਟੀ 'ਚੋਂ ਵੀ ਕੱਢ ਕੇ ਆਪਣੇ ਪਿੱਛੇ ਲਾ ਲਿਆ ਜਿਸ ਦਾ ਕਾਰਨ ਸੀ ਕੁਝ ਸਿੱਖ ਨੌਜਵਾਨਾਂ ਇੰਦਰਾ ਗਾਂਧੀ ਦਾ ਕਤਲ ਕਰ ਦਿੱਤਾ ਜਿਸ ਵਿਚ ਹੋਰ ਕਾਰਨ ਵੀ ਹੋ ਸਕਦੇ ਹਨ ਅਤੇ ਉਸ ਤੋਂ ਬਾਅਦ ਕਾਂਗਰਸ ਨੇ ਦਿੱਲੀ ਵਿਚ ਸਿੱਖਾਂ ਵਿਰੁੱਧ ਪਲੈਨਬੱਧ ਦੰਗੇ ਕਰਵਾਏ ਜਿਸ ਨਾਲ ਸਿਖਾਂ ਵਿਚ ਗੁੱਸੇ ਦੀ ਭਾਵਨਾ ਹੋਰ ਵਧੀ ਅਤੇ ਅਤਿਵਾਦੀ ਲੋਕਾਂ ਨੂੰ ਮਜ਼ਬੂਤ ਹੋਣ ਦਾ ਮੌਕਾ ਮਿਲਿਆ। ਉਸ ਤੋਂ ਬਾਅਦ ਰਾਜੀਵ ਲੌਂਗੋਵਾਲ ਸਮਝੌਤਾ ਹੋਇਆ ਜੋ ਕਿ ਗ਼ੈਰ ਜਮਹੂਰੀ ਸੀ, ਕਾਂਗਰਸ ਪੱਖੀ ਸੀ, ਜਿਸਨੇ ਪੰਜਾਬ ਦੇ ਮਾਹੌਲ ਨੂੰ ਕੋਈ ਸ਼ਾਂਤ ਨਹੀਂ ਕੀਤਾ ਅਤੇ ਨਾ ਹੀ ਉਹ ਕਰ ਸਕਦਾ ਹੈ। ਅਤੇ ਅੱਜ ਹਾਲਤ ਇਥੇ ਤੱਕ ਪਹੁੰਚ ਚੁੱਕੇ ਹਨ।

ਇਹਨਾਂ ਹਾਲਤਾਂ ਨੂੰ ਹੱਲ ਕਰਨ ਦੇ ਲਈ ਕਾਂਗਰਸ ਪਾਰਟੀ, ਭਾਰਤੀ ਜਨਤਾ ਪਾਰਟੀ, ਸੀ.ਪੀ.ਆਈ., ਸੀ.ਪੀ.ਐਮ. ਅਤੇ ਬਰਨਾਲਾ ਸਰਕਾਰ, ਸਰਕਾਰੀ ਜਬਰ ਤੇ ਟੇਕ ਰੱਖਦੀਆਂ ਹਨ ਅਤੇ ਖਾਲਿਸਤਾਨੀ ਲੋਕ ਵਿਅਕਤੀਗਤ ਦਹਿਸ਼ਤਪਸੰਦੀ ਦਾ ਆਸਰਾ ਲੈ ਕੇ ਖਾਲਿਸਤਾਨ ਬਣਾਉਣ ਨੂੰ ਹੀ ਇਸ ਸਮੱਸਿਆ ਦਾ ਅਸਲੀ ਹੱਲ ਸਮਝਦੇ ਹਨ। ਇਸ ਤੋਂ ਇਲਾਵਾ ਕੁਝ ਨਕਸਲੀ ਗਰੁੱਪ ਵੀ ਸਰਕਾਰ ਤੋਂ ਹਥਿਆਰ ਲੈਣ ਦੀ ਗੱਲ ਕਰਕੇ ਰੈਡ ਗਾਰਡ ਜਾਂ ਰੈਡ ਬਰੀਗੇਡ ਬਣਾ ਕੇ ਕਾਂਗਰਸ ਦੇ ਹੀ ਰੀਬੀਰੋਵਾਦੀ ਢੰਗ ਤੇ ਹੀ ਮੋਹਰ ਲਾਉਂਦੇ ਹਨ। ਅਸੀਂ ਸਮਝਦੇ ਹਾਂ ਕਿ ਪੰਜਾਬ ਮਸਲੇ ਨੂੰ ਕੇਂਦਰ ਸਰਕਾਰ ਨੇ ਜਾਣ ਬੁਝ ਕੇ ਉਲਝਾਇਆ ਹੈ। ਇਸ ਲਈ ਸਾਰੇ ਅਮਨ ਪਸੰਦ ਲੋਕ ਕੇਂਦਰ ਸਰਕਾਰ ਤੇ ਇਸ ਗੱਲ ਦਾ ਦਬਾਅ ਪਾਉਣ ਕਿ ਪੰਜਾਬ ਦਾ ਮਸਲਾ ਰਾਜਨੀਤਕ ਤੌਰ ਤੇ ਹੱਲ ਕੀਤਾ ਜਾਵੇ ਜਿਸ ਲਈ ਸਭ ਤੋਂ ਪਹਿਲਾਂ ਉਸਨੂੰ ਇਸ ਗੱਲ ਤੇ ਮਜਬੂਰ ਕੀਤਾ ਜਾਵੇ ਕਿ ਪੰਜਾਬ ਵਿਚ ਅਮਨ ਕਾਇਮ ਕਰਨ ਲਈ ਸਾਰੇ ਸਿਆਸੀ ਕੈਦੀ

ਰਿਹਾਅ ਕੀਤੇ ਜਾਣ। ਇਥੇ ਇਹ ਸੁਆਲ ਖੜ੍ਹਾ ਹੁੰਦਾ ਹੈ ਕਿ ਜਿਨ੍ਹਾਂ ਨੇ ਨਿਰਦੋਸ਼ ਲੋਕਾਂ ਦੇ ਕਤਲ ਕੀਤੇ ਹਨ ਉਨ੍ਹਾਂ ਨੂੰ ਰਿਹਾਅ ਕਰਨਾ ਚਾਹੀਦਾ ਹੈ ? ਹਾਂ ! ਅਸੀਂ ਕਹਿੰਦੇ ਹਾਂ ਕਿ ਇਨ੍ਹਾਂ ਨੂੰ ਆਮ ਮੁਆਫ਼ੀ ਦੇਣੀ ਚਾਹੀਦੀ ਹੈ ਅਤੇ ਦੇਣੀ ਪਵੇਗੀ। ਦੂਜੀ ਗੱਲ ਜੇਕਰ ਕਾਂਗਰਸ ਦੇ ਮੰਤਰੀ ਮੰਡਲ 'ਚ ਸ਼ਾਮਲ ਲੋਕ, ਮਿਲਟਰੀ ਅਫਸਰ ਸੀ.ਆਰ.ਪੀ.ਐਫ.ਦੇ ਅਫਸਰਾਂ ਨੂੰ ਤਮਗੇ ਦੇ ਕੇ ਮਹੱਤਵ-ਪੂਰਨ ਅਹੁਦਿਆਂ ਤੇ ਰੱਖਿਆ ਜਾ ਸਕਦਾ ਹੈ ਜਿਨ੍ਹਾਂ ਨੇ ਸੈਂਕੜੇ ਹੀ ਨਿਰਦੋਸ਼ ਸਿੱਖਾਂ ਦਾ ਕਤਲ ਕੀਤਾ ਹੈ। ਜਿਵੇ: ਹਰਮੰਦਰ ਸਾਹਿਬ, ਝੂਠੇ ਪੁਲਿਸ ਮੁਕਾਬਲੇ, ਦਿੱਲੀ ਤੇ ਹੋਰਨਾਂ ਸ਼ਹਿਰਾਂ ਵਿਚ ਪਲੈਨਡ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ। ਦੂਜਾ ਇਸ ਗੱਲ ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਧਾਰਮਿਕ ਭਾਵਨਾਵਾਂ ਭੜਕਣ ਦੇ ਨਾਲ ਫੌਜ 'ਚੋਂ ਬੈਰਕਾਂ ਛੱਡ ਚੁੱਕੇ ਫੌਜੀਆਂ ਨੂੰ ਬਹਾਲ ਕੀਤਾ ਜਾਵੇ ਕਿਉਂਕਿ 1962, 1965 ਦੀ ਜੰਗ ਸਮੇਂ ਜੋ ਲੋਕ ਚੀਨ ਅਤੇ ਪਾਕਿਸਤਾਨ ਦੀ ਸਰਹੱਦ ਤੋਂ ਵਾਪਸ ਭੱਜ ਆਏ ਸਨ ਜੇ ਉਨ੍ਹਾਂ ਨੂੰ ਬਹਾਲ ਕੀਤਾ ਜਾ ਸਕਦਾ ਹੈ। ਤਾਂ ਇਨ੍ਹਾਂ ਨੂੰ ਕਿਉਂ ਨਹੀਂ ? ਇਸ ਤੋਂ ਅੱਗੇ ਸਾਨੂੰ ਇਸ ਗੱਲ ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਸਾਰੀਆਂ ਸਿੱਖ ਜਥੇਬੰਦੀਆਂ ਨਾਲ ਸਾਂਝੀ ਗੱਲਬਾਤ ਕਰੋ ਕਿਉਂਕਿ ਖੁਦ ਰਾਜੀਵ ਸਰਕਾਰ ਸ੍ਰੀ ਲੰਕਾ ਦੇ ਮਸਲੇ ਦੇ ਹੱਲ ਲਈ ਸਾਰੀਆਂ ਤਾਮਿਲ ਜਥੇਬੰਦੀਆਂ ਨਾਲ (ਬੇਸ਼ਕ ਉਹ ਵੱਖਰੇ ਤਾਮਿਲ ਰਾਜ ਦੀ ਮੰਗ ਕਰਦੀਆਂ ਹਨ) ਗੱਲਬਾਤ ਦੀ ਸਲਾਹ ਦਿੰਦੀ ਹੈ। ਪਰ ਇਥੇ ਇਕ ਉਹ ਇਕ ਹੋਰ ਸ਼ਰਤ ਲਾ ਦਿੰਦੇ ਹਨ ਕਿ ਅਸੀਂ ਧਿਰਾਂ ਨਾਲ ਹੀ ਗੱਲਬਾਤ ਕਰਾਂਗੇ ਜੋ ਭਾਰਤੀ ਸੰਵਿਧਾਨ ਦੇ ਘੇਰੇ 'ਚ ਰਹਿ ਕੇ ਪੰਜਾਬ ਸਮੱਸਿਆ ਦਾ ਹੱਲ ਚਾਹੁੰਦੀਆਂ ਹਨ। ਪਰ ਉਨ੍ਹਾਂ ਨੂੰ ਕੋਈ ਪੁਛੇ ਜੇ ਤੁਸੀਂ ਝੂਠੇ ਪੁਲਿਸ ਮਕਾਬਲੇ ਬਣਾਉਂਦੇ ਹੋ ਨਿਰਦੋਸ਼ ਲੋਕਾਂ ਨੂੰ ਜੇਲ੍ਹਾਂ ਵਿਚ ਡੱਕਿਆ ਹੈ। ਸਿੱਖਾਂ ਖਿਲਾਫ ਯੋਜਨਾ ਬੱਧ ਢੰਗ ਭੜਕਾ-ਉਣ ਵਾਲੇ ਲੋਕ ਪਾਰਲੀਮੈਂਟ ਦੇ ਮੈਂਬਰ ਹੋਣ ਇਹ ਕਿਹੜੇ ਸੰਵਿਧਾਨ ਵਿਚ ਲਿਖਿਆ ਹੈ।

ਇਸ ਤੋਂ ਬਾਅਦ ਇਕ ਨੁਕਤਾ ਜੋ ਬਹਿਸ ਲਈ ਅਤੀ ਜ਼ਰੂਰੀ ਹੈ ਉਹ ਇਹ ਹੈ ਕਿ ਸਰਕਾਰੀ ਅਤਿਵਾਦ ਅਤੇ ਵਿਆਕਤੀਗਤ ਅਤਿਵਾਦ ਦਾ ਆਪਸੀ ਸਬੰਧ ਕੀ ਹੈ। ਤੁਸੀਂ ਚਿੱਠੀ ਵਿਚ ਲਿਖਿਆ ਹੈ ਕਿ, "ਕਾਂਗਰਸ ਦੀਆਂ ਕਾਰਵਾਈਆਂ ਬੇਸ਼ਕ ਨਿਦਣ ਯੋਗ ਹਨ ਪਰ ਉਸ ਤੋਂ ਵੀ ਵੱਧ ਨਿੰਦਣਯੋਗ ਉਹ ਲੋਕ ਹਨ ਜੋ ਲੋਕਾਂ ਨੇ ਆਪਣੇ ਘਰਬਾਰ ਛੱਡਣ ਲਈ ਮਜਬੂਰ ਕਰਦੇ ਹਨ।" ਪਰ ਉਨ੍ਹਾਂ ਨੂੰ ਇਸ ਕੰਮ ਲਈ ਮਜਬੂਰ ਕਿਸ ਨੇ ਕੀਤਾ ਹੈ ? ਉਹ ਕਰਦੀ ਹੈ ਕਾਂਗਰਸ ਸਰਕਾਰ ਜਿਸਨੇ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਦੇ ਲਈ ਪੰਜਾਬ ਦੇ ਲੋਕਾਂ ਤੇ ਜਬਰ ਕੀਤਾ ਝੂਠੇ ਪੁਲਿਸ ਮੁਕਾਬਲੇ ਬਣਾਏ, ਝੂਠੇ ਕੇਸ ਪਾਕੇ ਨੌਜਵਾਨਾਂ ਨੂੰ ਜੋਧਪੁਰ ਜਿਹੀਆਂ ਜੇਲ੍ਹਾਂ ਵਿਚ ਡੱਕਿਆ ਪੰਜਾਬ ਅਤੇ ਸਿੱਖਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕਰਕੇ ਇਨ੍ਹਾਂ ਖਿਲਾਫ ਸਾਰੇ ਦੇਸ 'ਚ ਪ੍ਰਚਾਰ ਕੀਤਾ। ਦਰਬਾਰ ਸਾਹਿਬ 'ਚ ਫੌਜੀ ਐਕਸ਼ਨ ਕਰਕੇ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਅਨੇਕਾਂ ਨੌਜਵਾਨ ਕੁੜੀਆਂ ਦੇ ਸੁਹਾਗ ਲੁੱਟੇ, ਬੱਚਿਆਂ ਨੂੰ ਜਿਉਂਦਿਆਂ ਸਾੜਿਆ ਗਿਆ ਇਕ ਫਿਰਕੇ ਦੇ ਧਾਰਮਿਕ ਸਥਾਨ ਢਹਿ ਢੇਰੀ ਕੀਤੇ। ਦਿੱਲੀ ਵਿਚ ਸੈਂਕੜੇ ਨੌਜਵਾਨਾਂ ਨੂੰ ਗੱਲਾਂ ਵਿਚ ਟਾਇਰ ਪਾ ਕੇ ਜਿਉਂਦੇ ਸਾੜਿਆ ਇਸ ਤੋਂ ਇਲਾਵਾ ਇਹੀ ਸਰਕਾਰੀ ਜਬਰ ਨਾਗਾਲੈਂਡ, ਮਨੀਪੁਰ, ਅਸਾਮ, ਮੇਘਾਲਿਆ ਮੀਜ਼ੋਰਮ, ਬਿਹਾਰ, ਆਂਧਰਾ, ਬੰਗਾਲ ਅਤੇ ਗੁਜਾਰਾਤ ਦੇ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਸਰਕਾਰੀ ਅੱਤਿਵਾਦ ਦੇ ਖਿਲਾਫ ਹੀ ਆਪਾਂ ਨੂੰ ਆਪਣੀ ਲੜਾਈ ਕੇਂਦਰਤ ਕਰਨੀ ਚਾਹੀਦੀ ਹੈ। ਦੂਜੀ ਗੱਲ ਅਸੀਂ ਇਹ ਸਮਝਦੇ ਹਾਂ ਕਿ ਜੋ ਵਿਆਕਤੀਗਤ ਅੱਤਿਵਾਦ ਹੈ। ਇਸ ਨਾਲ ਵੀ ਮਸਲਾ ਹੱਲ ਨਹੀਂ ਹੁੰਦਾ ਜੋ ਗਲਤ ਹੈ। ਇਸਦਾ ਸਾਨੂੰ ਵਿਰੋਧ ਕਰਨਾ ਚਾਹੀਦਾ ਹੈ, ਪਰ ਇੱਕ ਗੱਲ ਆਪਾਂ ਨੂੰ ਸਮਝਣੀ ਚਾਹੀਦੀ ਹੈ ਕਿ ਵਿਅਕਤੀਗਤ ਅਤਿਵਾਦ ਨੂੰ ਪੈਦਾ ਕਰਨ ਵਾਲਾ ਸਰਕਾਰੀ ਅੱਤਵਾਦ ਹੀ ਹੈ।

ਅਸੀਂ ਆਸ ਕਰਦੇ ਹਾਂ ਕਿ ਉਪਰੋਕਤ ਨੁਕਤਿਆਂ ਨੂੰ ਆਪਣੇ ਪੇਪਰ ਦੇ ਵਿਚ ਤੁਸੀਂ ਵਿਚਾਰ ਅਧੀਨ ਲਿਆਵੋਗੇ ਤਾਂ ਕਿ ਅਸੀਂ ਵੀ ਪੰਜਾਬ ਮਸਲੇ ਨੂੰ ਹੋਰ ਲੋਕਾਂ ਦੇ ਵਿਚਾਰ ਸੁਣ ਕੇ ਸਮਝ ਸਕੀਏ।

ਇਨਕਲਾਬੀ ਸ਼ੁਭ ਇੱਛਾਵਾਂ ਸਹਿਤ
ਜਤਿੰਦਰ ਕੁਮਾਰ, ਅਜਾਇਬ ਸਿੰਘ

## 7. ਸ਼ਲਾਘਾਯੋਗ ਕਦਮ

ਅਗਸਤ ਸਮਤਾ ਦੇ ਟਾਈਟਲ 'ਤੇ ਦਿਤਾ ਗਿਆ ਨਕਸਲੀ ਗਰੁੱਪਾਂ ਦੇ ਆਗੂਆਂ ਨੂੰ ਏਕਤਾ ਦਾ ਸੱਦਾ ਪੜ੍ਹ ਕੇ ਇਕ ਜ਼ੋਰਦਾਰ ਆਸ ਦੀ ਕਿਰਨ ਪੰਜਾਬ ਦੀ ਧਰਤੀ ਉਤੇ ਪੈਣ ਦੀ ਝਲਕ ਪਈ ਹੈ। ਅੱਜ ਤੋਂ 19 ਸਾਲ ਪਹਿਲਾਂ ਉੱਠੀ ਨਕਸਲਬਾੜੀ ਦੀ ਲਹਿਰ, ਜਿਸ ਨੇ ਹਿੰਦੋਸਤਾਨ ਦੀ ਦਲਾਲ ਸਰਮਾਏਦਾਰ ਹਾਕਮ ਜਮਾਤ ਨੂੰ ਕੰਬਣੀ ਛੇੜ ਦਿਤੀ ਸੀ, ਦਾ ਸੂਹਾ ਝੰਡਾ ਉਚਾ ਚੁੱਕਣ ਦਾ ਜੋ ਇਤਿਹਾਸਕ ਕਾਰਜ ਤੁਸੀਂ ਆਪਣੇ ਹੱਥ ਲਿਆ ਹੈ, ਮੈਂ ਸਮਝਦਾ ਹਾਂ ਕਿ ਆਪਣੇ ਇਤਿਹਾਸ ਦੀ ਵਾਗ-ਡੋਰ ਸੰਭਾਲਣ ਦਾ ਜ਼ਿੰਮਾ ਲਿਆ ਹੈ। ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਤੁਹਾਡਾ ਇਹ ਸੱਦਾ ਜਿੱਥੇ ਇਨਕਲਾਬੀ ਲਹਿਰ ਨੂੰ ਇਕੱਠਾ ਕਰਨ ਦਾ ਮੌਂਜ

ਉਸਾਰੇਗਾ ਉਥੇ ਇਹ ਸੱਦਾ ਇਨਕਲਾਬੀ ਲਹਿਰ ਦੇ ਨਿਰਾਸ਼ ਹੋਏ ਕਾਰਕੁੰਨਾਂ ਨੂੰ ਇਸ ਲਹਿਰ ਵਿਚ ਦੁਬਾਰਾ ਸਰਗਰਮ ਹੋਣ ਲਈ ਅਧਾਰ ਮੁਹੱਈਆ ਕਰੇਗਾ। ਤੁਹਾਡਾ ਇਹ ਕਦਮ ਭਾਰਤ ਦੀਆਂ ਹਾਕਮ ਜਮਾਤਾਂ ਦੇ ਮੂੰਹ ਤੇ ਇਕ ਕਰਾਰਾ ਥੱਪੜ ਸਾਬਤ ਹੋਵੇਗਾ ਜੋ ਦਿਨ ਰਾਤ ਆਪਣੇ ਸਰਕਾਰੀ ਤੇ ਗੈਰ ਸਰਕਾਰੀ ਸਾਧਨਾਂ ਰਾਹੀਂ ਇਹ ਕੂਕਦੇ ਨਹੀਂ ਥੱਕਦੇ ਕਿ ਦੇਸ਼ ਵਿਚੋਂ ਨਕਸਲ-ਬਾੜੀਆਂ ਦਾ ਸਫਾਇਆ ਕਰ ਦਿਤਾ ਗਿਆ ਹੈ। ਭਾ ਜੀ ਭਾਰਤ ਦੀ ਤੇ ਖਾਸ ਕਰਕੇ ਪੰਜਾਬ ਦੀ ਇਨਕਲਾਬੀ ਲਹਿਰ ਤੁਹਾਡੀ ਰਿਣੀ ਹੈ ਜਿਹਨਾਂ ਨੇ ਆਪਣੀ ਜ਼ਿੰਦਗੀ ਦੇ ਸਾਰੇ ਸੁਖ ਆਰਾਮ ਤਿਆਗ ਕੇ ਹਿੰਦੋਸਤਾਨ ਦੀ ਕਿਰਤੀ ਜਮਾਤ ਦੇ ਮੁਕਤੀ ਸੰਗਰਾਮ ਨੂੰ ਅੱਗੇ ਹੀ ਨਹੀਂ ਤੋਰਿਆ ਸਗੋਂ ਇਕ ਨਵਾਂ ਰਾਹ ਦਿਖਾਇਆ ਹੈ। ਪੰਜਾਬ ਦੇ ਇਨਕਲਾਬੀ ਗਰੁੱਪਾਂ ਦਾ ਹੁਣ ਇਹ ਫਰਜ਼ ਬਣਦਾ ਹੈ ਕਿ ਆਪਣੇ ਸਿਆਸੀ ਮੱਤ ਭੇਦਾਂ ਨੂੰ ਇਕ ਪਾਸੇ ਕਰਕੇ ਭਾ ਜੀ ਦੇ ਦਿਤੇ ਸੱਦੇ ਨੂੰ ਭਰਵਾਂ ਹੁੰਗਾਰਾ ਦੇਣ ਦਾ ਇਤਿਹਾਸਕ ਕਾਰਜ ਨੇਪਰੇ ਚੜ੍ਹਾਉਣ। ਅਗਰ ਕੋਈ ਗਰੁੱਪ ਹੁਣ ਵੀ ਆਪਣੀ ਸੌੜੀ ਸੋਚ ਸਦਕਾ ਏਕਤਾ ਵੱਲ ਕਦਮ ਨਹੀਂ ਵਧਾਉਂਦਾ ਤਾਂ ਇਸ ਦਾ ਮਤਲਬ ਹੋਵੇਗਾ ਕਿ ਉਹ ਭਾਰਤ ਦੇ ਮਿਹਨਤਕਸ਼ ਲੋਕਾਂ ਦੀ ਮੁਕਤੀ ਲਈ ਨਹੀਂ ਸਗੋਂ ਸਰਮਾਏਦਾਰਾਂ ਦੇ ਏਜੰਟਾਂ ਦੀ ਤਾਬਿਆਦਾਰੀ ਕਰਨ ਲਈ ਹੀ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ। ਪਰ ਇਤਿਹਾਸ ਅਜਿਹੇ ਅਨਸਰਾਂ ਨੂੰ ਮੁਆਫ ਨਹੀਂ ਕਰੇਗਾ।

ਸੁਖਦੇਵ ਸਿੰਘ 'ਮਾਹੀ'

## 8. ਇੱਕ ਇਨਕਲਾਬੀ ਦਾ ਨੁਕਤਾ ਨਜ਼ਰ

ਸਤਿਕਾਰ ਯੋਗ ਭਾਅ ਜੀ, ਸਤ ਸ੍ਰੀ ਅਕਾਲ।

ਪੰਜਾਬ ਮਸਲੇ ਨੂੰ ਲੈ ਕੇ ਬਹਿਸ ਨੇ ਤਿੱਖਾ ਮੋੜ ਲੈ ਲਿਆ ਹੈ ਜਿੰਨਾਂ ਇਹ ਤਿੱਖਾ ਹੈ ਉਤਨਾਂ ਨਵਾਂ ਵੀ ਹੈ। ਤਿੱਖਾ ਇਸ ਪੱਖ ਤੋਂ ਕਿ ਅੱਜ ਤੱਕ ਨਕਸਲੀ ਕਹਾਉਂਦੇ ਆ ਰਹੇ ਵੱਖੋ ਵੱਖ ਗਰੁੱਪਾਂ 'ਚ ਕਤਾਰ ਬੰਦੀ ਕਮਿ: ਇਨ: ਤੇ ਸੋਧਵਾਦੀਆਂ ਵਿਚਕਾਰ ਨਖੇੜੇ ਤੇ ਖਦੇੜਨ ਦਾ ਅਮਲ ਸ਼ੁਰੂ ਹੋ ਰਿਹਾ ਹੈ। ਨਵਾਂ ਇਸ ਪੱਖੋਂ ਕਿ ਘੱਟੋ ਘੱਟ ਪ੍ਰੋਗਰਾਮ ਤੇ ਸਾਂਝੇ ਕੇਂਦਰ ਖੜੇ ਕਰਨ ਦੀ ਲੋੜ ਪਹਿਲਾਂ ਨਾਲੋਂ ਉਭਰਕੇ ਵੱਧ ਤਿਖੇ ਰੂਪ 'ਚ ਸਾਹਮਣੇ ਆ ਰਹੀ ਹੈ। ਤੁਹਾਡੇ ਵਲੋਂ ਵੀ ਇਸ ਬਹਿਸ 'ਚ ਸ਼ਾਮਲ ਹੁੰਦਿਆਂ ਇਕ ਨਵਾਂ ਤੇ ਕਮਿ: ਰਵਾਇਤ ਨਾਲੋਂ ਇਕ ਹਟਵਾਂ ਪ੍ਰੋਗਰਾਮ ਘੜਿਆ ਗਿਆ ਹੈ। ਮੈਂ ਇਸ ਸੋਚ ਨੂੰ ਰੱਦ ਨਹੀਂ ਕਰਦਾ ਕਿ ਕਿਸੇ ਘੱਟੋ ਘੱਟ ਪ੍ਰੋਗਰਾਮ ਤੇ ਸਾਂਝੇ ਫਰੰਟ ਉਸਾਰੇ ਨਹੀਂ ਜਾਂਦੇ ਪਰ ਸੋਚਣਾ ਇਹ ਪਊ ਕਿ ਇਸ ਘੱਟੋ ਘੱਟ ਪ੍ਰੋਗਰਾਮ ਦੀ ਇਨਕਲਾਬੀ ਰੂਹ ਤਾਂ ਨਹੀਂ ਕਤਲ ਹੁੰਦੀ ? ਤੁਸੀਂ ਆਪਣੇ ਪ੍ਰੋਗਰਾਮ 'ਚ ਜਮਾਤੀ ਕਤਾਰਬੰਦੀ ਨੂੰ ਰਲ ਮੱਡ ਕਰ ਦਿੱਤਾ ਹੈ ਜੋ ਤੁਸੀਂ ਆਪ ਮੰਨਿਆ ਹੈ।

ਮੈਂ ਵੀ ਇੱਕ ਇਨਕਲਾਬੀ ਕਾਰਕੁੰਨ ਦੇ ਨਾਤੇ ਛਿੜੀ ਇਸ ਬਹਿਸ 'ਚ ਸ਼ਾਮਲ ਹੁੰਦਾ ਹੋਇਆ ਆਪਣੇ ਨਿੱਜੀ ਤਜਰਬੇ ਦੇ ਅਧਾਰ 'ਤੇ ਪੰਜਾਬ ਦੀਆਂ ਹਾਲਤਾਂ 'ਚ ਬਾਹਰਮੁੱਖੀ ਤੌਰ 'ਤੇ ਉਭਰਕੇ ਸਾਹਮਣੇ ਆ ਰਹੇ ਕੁਝ ਹਕੀਕਤ ਮੁੱਖੀ ਪੱਖਾਂ ਨੂੰ ਬਹਿਸ ਗੋਚਰੇ ਲਿਆ ਰਿਹਾ ਹਾਂ। ਕਿਉਂਕਿ ਮੈਂ ਵੀ ਇਕ ਇਨਕਲਾਬੀਆਂ ਦੇ ਪੂਰ ਤੋਂ ਤੁਛ ਜਿਹਾ ਹਿੱਸਾ, ਪੰਜਾਬ ਅੰਦਰ ਪੈਦਾ ਹੋ ਰਹੀ ਫਿਰਕਾ ਪ੍ਰਸਤੀ ਦੇ ਖਿਲਾਫ ਘੋਲ 'ਚ ਪਾਉਂਦਾ ਰਿਹਾ ਹਾਂ। ਪੰਜਾਬ ਅੰਦਰ ਕੰਮ ਕਰਦੇ ਇਕ ਕਮਿ: ਇਨ: ਗਰੁੱਪ ਚ ਹੋਣ ਦੇ ਨਾਤੇ ਮੈਂ ਆਪਣਾ ਨਾਂ ਗੁੱਪਤ ਰੱਖ ਰਿਹਾ ਹਾਂ ਕਿਉਂਕਿ ਇਹ ਜਥੇਬੰਦਕ ਕਾਇਦੇ ਕਾਨੂੰਨਾਂ ਦਾ ਇੱਕ ਨਿਯਮ ਹੁੰਦਾ ਹੈ।

ਪਹਿਲ ਪ੍ਰਿਥਮੇ ਜੇ ਅਸੀਂ ਪੰਜਾਬ ਅੰਦਰ ਫਿਰਕਾ-ਪ੍ਰਸਤੀ ਦੇ ਵਿਰੋਧ ਦੀ ਗੱਲ ਕਰਦੇ ਹਾਂ ਤਾਂ ਕਮਿ. ਇਨ. ਨੂੰ ਇਸ ਦਾ ਫਿਲਾਸਫੀ ਦੇ ਪੱਖ ਤੋਂ ਵੀ ਅਤੇ ਜਮਾਤੀ ਕਤਾਰ ਬੰਦੀ ਦੇ ਪੱਖ ਤੋਂ ਵੀ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ। ਪਰ ਪੰਜਾਬ ਮਸਲੇ ਨੂੰ ਮਹਿਜ ਫਿਰਕਾ ਪ੍ਰਸਤੀ ਜਾਂ ਅਮਨ ਕਨੂੰਨ ਦਾ ਮਸਲਾ ਹੀ ਬਣਾ ਕੇ ਰੱਖ ਦੇਣਾ ਮੂਰਖਤਾ ਵਾਲੀ ਜਾਂ ਮਕਾਰੀ ਵਾਲੀ ਗੱਲ ਤੋਂ ਵੱਧ ਕੁਝ ਨਹੀਂ ਜਿਵੇਂ ਅੱਜ ਨਾਗੀਰੈਡੀ ਗਰੁੱਪ, ਸੁਰਖ ਰੇਖਾ ਵਾਲੇ ਜਾਂ ਦੂਜੀਆਂ ਮੌਕਾ ਪ੍ਰਸਤ ਸਿਆਸੀ ਪਾਰਟੀਆਂ ਕਾਂਗਰਸ, ਭਾਜਪਾ, ਸੀ.ਪੀ.ਆਈ., ਸੀ.ਪੀ.ਐਮ. ਜਾਂ ਬਾਕੀ ਹਿੰਦੂ ਜਨੂੰਨੀ ਜਥੇਬੰਦੀਆਂ ਕਰ ਰਹੀਆਂ ਹਨ। ਕਿਉਂ ਇਥੇ ਪੰਜਾਬੀ ਕੌਮ ਅਤੇ ਸਿਖ ਧਾਰਮਕ ਘੱਟ ਗਿਣਤੀ ਦੀ ਮਾਨਸਕਤਾ ਨੂੰ ਸਮਝਣ ਦਾ ਸਵਾਲ ਵੀ ਹੈ। ਜੇਕਰ ਇਥੇ ਆਪਾਂ ਨੀਲਾ ਤਾਰਾ ਅਪ੍ਰੇਸ਼ਨ ਤੋਂ ਪਹਿਲਾਂ ਸਿਖ ਧਾਰਮਿਕ ਘੱਟ ਗਿਣਤੀ ਨਾਲ ਵਿਤਕਰੇ ਤੇ ਪੰਜਾਬੀ ਕੌਮੀਅਤ ਨਾਲ ਵਿਤਕਰੇ ਦੇ ਸਵਾਲ ਨੂੰ ਲਾਂਭੇ ਛੱਡ ਦੇਈਏ ਤਾਂ ਨੀਲਾ ਤਾਰਾ ਅਪ੍ਰੇਸ਼ਨ ਤੱਕ ਤੋਂ ਲੈ ਕੇ ਹੁਣ ਤੱਕ ਜੋ ਸਿਖ ਫਿਰਕੇ ਨਾਲ ਪੰਜਾਬ ਅਤੇ ਪੰਜਾਬੋਂ ਬਾਹਰ ਜੋ ਦੁਰਮਤ ਹੋਈ ਅਤੇ ਹੋ ਰਹੀ ਹੈ ਇਸ ਨੂੰ ਉਪਰੋਕਤ ਧਿਰਾਂ ਬਿਲਕੁਲ ਨਜ਼ਰ ਅੰਦਾਜ਼ ਕਰ ਰਹੀਆਂ ਹਨ। ਇਸ ਲਈ ਜੇਕਰ ਤੁਸੀਂ ਆਪਦੇ ਵਲੋਂ ਸੁਝਾਏ ਗਏ ਪ੍ਰੋਗਰਾਮ ਤੇ ਕੋਈ ਅਮਲ ਵਿੱਢਣਾ ਚਾਹੁੰਦੇ ਹੋ ਤਾਂ ਤੁਹਾਨੂੰ ਜੇਲ੍ਹਾਂ ਅੰਦਰ ਸੜ ਰਹੇ ਬੇਕਸੂਰ ਸਿਖ ਨੌਜਵਾਨਾਂ ਦੀ ਰਿਹਾਈ, ਭਗੌੜੇ ਫੌਜੀਆਂ ਦੀ ਬਹਾਲੀ [ਜੋ ਧਾਰਮਕ ਜਜ਼ਬਾਤਾਂ ਅਧੀਨ ਬੈਰਕਾਂ ਛੱਡ ਗਏ ਸਨ] ਸਿਖ ਫਿਰਕੇ ਖਿਲਾਫ ਵਿੱਢੀ ਬਦਨਾਮ ਕਰਨ ਦੀ ਮੁਹਿੰਮ,

ਝੂਠੇ ਪੁਲਸ ਮੁਕਾਬਲੇ, ਫੌਜੀ, ਨੀਮ ਫੌਜੀ ਖਾਸ ਕਰਕੇ ਸੀ.ਆਰ.ਪੀ. ਵਲੋਂ ਕੀਤਾ ਜਾ ਰਿਹਾ ਸਿਖਾਂ ਨੂੰ ਬੇਇੱਜ਼ਤ, ਜਾਬਰ ਕਨੂੰਨਾਂ ਦਾ ਸਿਕੰਜਾ ਜੋ ਅੱਤਵਾਦ ਦੇ ਨਾਂ 'ਤੇ ਕਸਿਆ ਜਾ ਰਿਹਾ ਹੈ ਜਿਸ ਲਈ ਹੁਣੇ ਲੋਕ ਸਭਾ 'ਚ ਇਕ ਬਿੱਲ ਦੇ ਰੂਪ 'ਚ ਇਕ ਤਜਵੀਜ਼ ਦੇ ਰੂਪ 'ਚ ਲਿਆਂਦਾ ਜਾ ਰਿਹਾ ਹੈ ਕਿ ਅੱਤਵਾਦ ਤੇ ਹੋਰ ਅੰਦਰੂਨੀ ਸੁਰਖਿਆ ਲਈ ਇਕ ਹਥਿਆਰਬੰਦ ਸੁਕੇਡ ਤਿਆਰ ਕੀਤਾ ਜਾ ਰਿਹਾ ਹੈ ਜਿਸ ਨੂੰ ਸੰਘਰਸ਼ਸ਼ੀਲ ਲੋਕਾਂ ਲਈ ਵੀ ਤਿਆਰ ਕੀਤਾ ਜਾ ਰਿਹਾ ਹੈ ਦਾ ਵਿਰੋਧ ਕਰਨਾ, ਸੁਰੱਖਿਆ ਪੱਟੀ ਬਣਾ ਕੇ ਸੂਬਿਆਂ ਦੇ ਨਿਗੂਣੇ ਅਧਿਕਾਰਾਂ ਨੂੰ ਹੜੱਪਣਾ ਆਦਿ ਵੀ ਮੰਗਾਂ ਸ਼ਾਮਲ ਕਰਨੀਆਂ ਚਾਹੀਦੀਆਂ ਹਨ। ਅਜੀਤ ਅਖਬਾਰ 'ਚ ਛਪੀ ਚਿੱਠੀ ਦੇ ਆਧਾਰ ਤੇ ਅਤੇ ਕੁਝ ਹੋਰ ਭਰੋਸੇ ਯੋਗ ਵਸੀਲਿਆਂ ਤੋਂ ਵੀ ਪਤਾ ਲਗਿਆ ਹੈ ਕਿ ਜਿਥੇ ਕਾਂਗਰਸੀ ਸਰਕਾਰਾਂ ਹਨ ਉਥੇ ਸਿਖਾਂ ਨੂੰ ਪੰਜਾਬ ਅੰਦਰ ਹਿੰਦੂ ਫਿਰਕੇ ਦੇ ਲੋਕਾਂ ਨਾਲੋਂ ਵੱਧ ਜ਼ਲੀਲ ਹੋਣਾ ਪੈ ਰਿਹਾ ਹੈ। ਹਿਮਾਚਲ ਪ੍ਰਦੇਸ਼ 'ਚ ਪੰਜਾਬ ਤੋਂ ਗਏ ਬਹੁਤ ਪੰਜਾਬੀ ਸਿਖਾਂ ਨਾਲ ਭੈੜਾ ਸਲੂਕ ਕੀਤਾ ਗਿਆ ਹੈ। ਸਾਰੇ ਹਿੰਦੋਸਤਾਨ 'ਚ ਸਿਖਾਂ ਨੂੰ ਬੁਰੀ ਤਰ੍ਹਾਂ ਬਦਨਾਮ ਕਰਕੇ ਰੱਖ ਦਿਤਾ ਹੈ। ਸਿਖ ਫਿਰਕੇ ਦੇ ਬਾਹਰ ਲੋਕ ਆਪਣੇ ਆਪ ਨੂੰ ਭਾਰਤ ਦੇ ਦੂਜੇ ਨੰਬਰ ਦੇ ਸ਼ਹਿਰੀ ਮਹਿਸੂਸ ਕਰ ਰਹੇ ਹਨ। ਇਸ ਤੋਂ ਬਿਨਾਂ ਕਿਸਾਨੀ ਦੀਆਂ ਆਰਥਕ ਮੰਗਾਂ ਹਨ ਜੋ ਕਮਿ. ਇਨ. ਦੇ ਧਿਆਨ ਦੀ ਮੰਗ ਕਰਦੀਆਂ ਹਨ।

ਮੇਰੀਆਂ ਉਪਰੋਕਤ ਗੱਲਾਂ ਤੋਂ ਇਹ ਨਾ ਸਮਝ ਲੈਣਾ ਕਿ ਮੈਂ ਪੰਜਾਬ ਅੰਦਰ ਕੰਮ ਕਰਦੇ ਪੈਗਾਮ ਪੰਥੀਆਂ ਦਾ ਹਮਦਰਦ ਜਾਂ ਕਾਰਕੁੰਨ ਹੋਵਾਂਗਾ। ਕਿਉਂਕਿ ਇਹ ਗੱਲ ਵੱਖਰੀ ਹੈ ਕਿ ਇਹਨਾਂ ਮੰਗਾਂ ਤੇ ਇਹ ਵੀ ਲੜ ਰਹੇ ਹਨ ਪਰ ਸਿਧਾਂਤ ਅਤੇ ਜਥੇਬੰਦਕ ਪੱਖੋਂ ਇਹਨਾਂ ਨਾਲ ਵੀ ਵੱਡੇ ਅਤੇ ਬੁਨਿਆਦੀ ਮੱਤ ਭੇਦ ਹਨ ਕੁਝ ਗੱਲਾਂ ਨੂੰ ਲਾਭੇ ਛੱਡਦੇ ਹੋਏ ਇਥੇ ਸਿਰਫ ਇਕ ਨੁਕਤਾ ਹੀ ਲੈਂਦੇ ਹਾਂ। ਜਨਵਰੀ 82 ਦੀ ਫੁੱਟ ਤੋਂ ਹੁਣ ਤੱਕ ਕਮਿ. ਇਨ. ਲਹਿਰ ਨੇ ਜੋ ਫੁੱਟਾਂ ਦਾ ਸੰਤਾਪ ਹੰਢਾਇਆ ਹੈ ਉਸ ਵਿਚ ਇਸ ਗਰੁੱਪ ਦੀ ਲੀਡਰਸ਼ਿਪ ਮੁੱਖ ਤੌਰ ਤੇ ਜ਼ੁੰਮੇਵਾਰ ਰਹੀ ਹੈ ਅਤੇ ਹੋਰ ਅੱਗੇ ਨੂੰ ਵੀ ਇਹਨਾਂ ਤੋਂ ਕੋਈ ਆਸ ਨਹੀਂ ਰੱਖੀ ਜਾ ਸਕਦੀ ਕਿ ਇਹ ਲਹਿਰ ਨੂੰ ਕਿਸੇ ਸਾਰਥਕ ਰੁੱਖ ਅੱਗੇ ਵਧਾਵੇਗੀ ਸਗੋਂ ਹੋਰ ਵੀ ਖਤਰਨਾਕ ਰੁਝਾਣ ਪੈਦਾ ਕਰੇਗੀ ਜਿਹੜੇ ਮਾਰਕਸਵਾਦ-ਲੈਨਿਨਵਾਦ ਅਤੇ ਵਿਚਾਰ ਧਾਰਾ ਨੂੰ ਖਤਰਾ ਬਣ ਰਹੇ ਹਨ ਤੇ ਬਣਨਗੇ ਇਸ ਲਈ ਇਹਨਾਂ ਨਾਲ ਲੜਾਈ ਦਾ ਮੈਦਾਨ ਹੋਰ ਹੈ। ਇਥੇ ਤਾਂ ਸਿਰਫ ਮੈਂ ਕੁਝ ਗੱਲਾਂ ਜੋ ਪੰਜਾਬ ਮਸਲੇ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਰਹੀਆਂ ਹਨ ਅਤੇ ਸਿਖ ਮਾਨਸਕਤਾ ਨਾਲ ਸੰਬੰਧਤ ਹਨ ਧਿਆਨ 'ਚ ਲਿਆਂਦੀਆਂ ਹਨ। ਹਰਿਮੰਦਰ ਸਾਹਿਬ ਤੇ ਨੀਲਾ ਤਾਰਾ ਅਪ੍ਰੇਸ਼ਨ ਅਤੇ ਨਵੰਬਰ 84 ਦੇ ਸਿਖ ਕਤਲੇਆਮ ਨੂੰ ਮੌਜ ਨਾਲ ਹੀ ਨਜ਼ਰ ਅੰਦਾਜ਼ ਨਾ ਕਰ ਬੈਠਣਾ ਕਿਉਂਕਿ ਇਨ੍ਹਾਂ ਘਟਨਾਵਾਂ ਨੂੰ ਉਹ ਲੋਕ ਵੀ ਬੁਰੀ ਤਰ੍ਹਾਂ ਮਹਿਸੂਸ ਕਰ ਰਹੇ ਹਨ ਜੋ ਪੰਜਾਬ ਅੰਦਰ ਹਿੰਦੂ ਫਿਰਕੇ ਦੇ ਲੋਕਾਂ ਨੂੰ ਕਤਲ ਕਰਨ ਅਤੇ ਖਾਲਸਤਾਨ ਨੂੰ ਏਨਾਂ ਹੀ ਬੁਰਾ ਮੰਨਦੇ ਹਨ। ਰਹਿੰਦੀ ਕਸਰ ਪੰਜਾਬ ਸਮਝੌਤੇ ਨੇ ਪੂਰੀ ਕਰ ਦਿਤੀ ਹੈ ਕਿਉਂਕਿ ਸਮਝੌਤੇ ਤੋਂ ਬਾਅਦ ਪੰਜਾਬ ਦੇ ਲੋਕਾਂ ਨੇ ਮਹਿਸੂਸ ਕੀਤਾ ਸੀ ਕਿ ਸ਼ਾਇਦ ਹੁਣ ਕੇਂਦਰ ਸਿਖਾਂ ਨਾਲ ਤੇ ਪੰਜਾਬੀਆਂ ਨਾਲ ਹਮਦਰਦੀ ਵਾਲਾ ਰਵਈਆ ਅਪਣਾਵੇਗਾ ਪਰ ਸਮਝੌਤੇ ਦੀ ਇਕ ਮੱਦ ਵੀ ਲਾਗੂ ਨਾ ਹੋਈ। ਇਸ ਗੱਲ ਦਾ ਸਪਸ਼ਟ ਸਬੂਤ ਹੈ ਕਿ ਕੇਂਦਰ ਦਾ ਰੁੱਖ ਕੀ ਹੈ ਜਿਸ ਕਰਕੇ ਸਾਡੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਸਿਖ ਫਿਰਕੇ ਨਾਲ ਸੰਬੰਧਤ ਲੋਕ ਦਮਦਮੀ ਟਕਸਾਲ, ਸਿਖ ਸਟੂਡੈਂਟ ਫੈਡਰੇਸ਼ਨ, ਸੰਯੁਕਤ ਅਕਾਲੀ ਦਲ, ਬਾਦਲ ਧੜੇ ਬਾਕੀ ਕੁਰਸੀਆਂ, ਡੈਸਕਾਂ ਤੇ ਸਟੂਲਾਂ ਦੇ ਲਾਲਚੀ ਬਰਨਾਲੇ ਧੜੇ ਨਾਲ ਜੁੜੇ ਬੈਠੇ ਹਨ ਅਤੇ ਹਿੰਦੂ ਫਿਰਕੇ ਦੇ ਲੋਕ ਹਿੰਦੂ ਜਨੂੰਨੀ ਜਥੇਬੰਦੀਆਂ ਤੇ ਨੀਮ ਫੌਜੀ ਤੇ ਫੌਜੀ ਤਾਕਤਾਂ ਨੂੰ ਆਪਣੀ ਜਾਨਮਾਲ ਦੇ ਰਖਵਾਲੇ ਸਮਝ ਰਹੇ ਹਨ। ਅਸੀਂ ਨਿਖੜਕੇ ਸਿਰਫ ਉਨ੍ਹਾਂ ਲੋਕਾਂ 'ਚ ਆ ਗਏ ਜੋ ਪਿੰਡਾਂ ਦੀਆਂ ਨੂੰਹਾਂ ਧੀਆਂ ਦੇ ਰੌਲੇ ਨਬੇੜਨੇ, ਵੱਟਾਂ, ਡੌਲਾ ਜਾਂ ਹੋਰ ਘਰੇਲੂ ਝਗੜੇ ਹੱਲ ਕਰਨ ਵਾਲੇ ਹੁੰਦੇ ਹਨ ਸਿਆਸੀ ਤੌਰ ਤੇ ਅਸੀਂ ਉਹ ਲੋਕ ਜੋ ਕਦੇ ਪੰਜਾਬ ਅੰਦਰ ਚਲੇ ਖੜਕੂ ਘੋਲਾਂ ਦੀਆਂ ਮੂਹਰਲੀਆਂ ਸਫਾਂ 'ਚ ਲੜ ਕੇ ਹਰਮਨ ਪਿਆਰਤਾ ਖੱਟੀ ਸੀ ਅੱਜ ਪੰਜਾਬ ਮਸਲੇ ਤੇ ਕਿਸੇ ਵਿਸ਼ੇਸ਼ ਗਰੁੱਪ ਦੀ ਸਮਝ ਨੂੰ ਲੈ ਕੇ ਚੱਲਣ ਤੇ ਅਲੱਗ ਥਲੱਗ ਹੋ ਰਹੇ ਹਾਂ। ਨਾ ਸਾਥੋਂ ਉਨ੍ਹਾਂ ਲੋਕਾਂ ਦੇ ਵੈਣ ਸੁਣੇ ਜਾਂਦੇ ਨੇ ਜਿਹਨਾਂ ਦੇ ਸੁਹਾਗ ਜਾਂ ਪੁੱਤ ਸਫਰ ਕਰਨ ਗਏ ਮੁੜ ਕੇ ਨਹੀਂ ਆਏ ਤੇ ਨਾ ਸਾਥੋਂ ਉਹਨਾਂ ਲੋਕਾਂ ਦਾ ਗੁੱਸਾ ਝੱਲਿਆ ਜਾਂਦੈ ਜਿਹਨਾਂ ਨੂੰ ਨਾਲੇ ਕੁੱਟਿਆ ਮਾਰਿਆ ਜਾਂਦੈ ਨਾਲੇ ਦੋਸ਼ੀ ਠਹਿਰਾਇਆ ਜਾਂਦੈ ਤੇ ਨਾਲੇ ਰੋਣ ਨਹੀਂ ਦਿਤਾ ਜਾਂਦਾ। ਸੋ ਭਾਅ ਜੀ ਫੋਕੀ ਬਹਿਸਬਾਜ਼ੀ 'ਚ ਪੈਣ ਦੀ ਲੋੜ ਨੀ ਕੋਈ ਹਕੀਕਤ ਮੁੱਖੀ ਹੱਲ ਲੱਭੋ। ਉਪਰੋਕਤ ਮੰਗਾਂ ਨੂੰ ਨਜ਼ਰਅੰਦਾਜ਼ ਕਰਕੇ ਕਾਂਗਰਸ ਦੇ ਹੱਥ ਠੋਕੇ ਨਹੀਂ ਬਣਨਾ, ਖਾਲਸਤਾਨੀਆਂ ਦੇ ਹਮੈਤੀ ਬਣਨਾ ਮਨਜ਼ੂਰ ਐ।

1. ਸਿਆਸੀ ਨਜ਼ਰਬੰਦਾਂ ਦੀ ਰਿਹਾਈ 2. ਵਿਸ਼ੇਸ਼ ਅਦਾਲਤਾਂ ਖਤਮ ਕਰਕੇ ਖੁੱਲੀਆਂ ਤੇ ਪੰਜਾਬ ਦੀਆਂ ਅਦਾਲਤਾਂ 'ਚ ਕੇਸ ਚਲਾਏ ਜਾਣ 3. ਬਾਗੀ ਫੌਜੀਆਂ

ਦੀ ਬਹਾਲੀ 4. ਦਿੱਲੀ 'ਚ ਸਿਖ ਕਤਲੇਆਮ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਸਮੇਤ ਹਕੂਮਤੀ ਕੁਰ-ਸੀਆਂ ਤੇ ਬਿਰਾਜਮਾਨ ਮੰਤਰੀਆਂ ਦੇ 5 ਝੂਠੇ ਪੁਲਸ ਮੁਕਾਬਲੇ ਬੰਦ ਕਰਾਉਣ 6. ਪੰਜਾਬ ਅੰਦਰ ਗੈਰ-ਜਮਹੂਰੀ ਤੇ ਜਾਬਰ ਕਾਨੂੰਨ ਖਤਮ ਕਰਨੇ 7. ਫੌਜੀ ਤੇ ਨੀਮ ਫੌਜੀ ਸ਼ਕਤੀਆਂ ਬਾਹਰ ਭੇਜਣੀਆਂ 8. ਸਿਖ ਫਿਰਕੇ ਖਿਲਾਫ ਝੂਠਾ ਪ੍ਰਚਾਰ ਬੰਦ ਕਰਨ 9. ਬਾਹਰਲੇ ਸੂਬਿਆਂ 'ਚ ਸਿਖਾਂ ਤੇ ਹਿੰਦੂ ਤੇ ਕਾਂਗਰਸੀ ਗੁੰਡਿਆਂ ਵਲੋਂ ਜਬਰ ਕਰਨ ਦਾ ਵਿਰੋਧ 10. ਪੰਜਾਬ ਅੰਦਰ ਸੀ.ਆਰ.ਪੀ. ਤੇ ਬੀ.ਐਸ.ਐਫ. ਵਲੋਂ ਪਗੜੀਧਾਰੀ ਲੋਕਾਂ ਨੂੰ ਜਲੀਲ ਕਰਨ ਦਾ ਵਿਰੋਧ ਕਰਨ ਵਰਗੀਆਂ ਮੰਗਾਂ, ਫਿਰਕੂਪ੍ਰਸਤੀ ਤੇ ਖਾਲਸਤਾਨੀ ਅਨਸਰਾਂ ਦੇ ਵਿਰੋਧ ਨੂੰ ਲਾਮਬੰਦ ਕਰਨ ਦੇ ਨਾਲ ਰੱਖੀਆਂ ਜਾਣ। ਚਲਦਾ

—ਇਕ ਇਨਕਲਾਬੀ

**9.** ਸਤਿਕਾਰ ਯੋਗ ਭਾਅ ਜੀ, ਪਾਠਕਾਂ ਸਮੇਤ ਤੁਹਾਨੂੰ ਅਦਬ ਭਰੀ ਸਲਾਮ ! ਅਗਸਤ ਸਮਤਾ 'ਚ ਤੁਸੀਂ ਬਹੁਤ ਅਹਿਮੀਅਤ ਭਰਿਆ ਸੁਆਲ ਪਾਠਕਾਂ, ਹਮਦਰਦਾਂ ਅਤੇ ਵੱਖ ਵੱਖ ਧਿਰਾਂ ਦੇ ਕਾਮਰੇਡਾਂ ਸਾਹਮਣੇ ਲਿਆਂਦਾ ਹੈ। ਜੋ ਸੁਆਲ ਹੈ ਇਨਕਲਾਬੀ ਕੇਂਦਰ ਉਸਾਰਨ ਦਾ ਹੈ। ਇਸ ਲਈ ਤੁਸੀਂ ਵਧਾਈ ਦੇ ਪਾਤਰ ਹੋ। ਸਾਡੀ ਅੰਤਰ ਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਤੇ ਹਾਲਤ ਬਹੁਤ ਹੀ ਕਮਜ਼ੋਰੀਆਂ, ਉਣਤਾਈਆਂ, ਸਿਧਾਂਤਕ ਅਮਲੀ ਪੱਖ ਤੋਂ ਨੁਕਸਾਂ ਭਰੀ ਹੈ। ਮਾਰਕਸ, ਲੈਨਿਨ ਤੋਂ ਬਾਅਦ ਜੋ ਵੀ ਸਰਮਾਏਦਰਾਨਾ ਸੈਕਟਰ ਦੇ ਵੱਖ ਵੱਖ ਖੇਤਰਾਂ 'ਚ ਵਿਕਾਸ ਹੋਇਆ ਹੈ। ਉਸ ਦੇ ਅਸੀਂ ਨੇੜੇ ਤਾਂ ਕੀ ਪਹੁੰਚਣਾ ਸੀ। ਸਗੋਂ ਦੁਬਿਧਾ ਭਰੀ ਹਾਲਤ ਇਹ ਵੀ ਹੈ ਕਿ ਅਸੀਂ ਮਾਰਕਸਵਾਦ, ਲੈਨਿਨਵਾਦ ਨੂੰ ਅਜੋਕੀਆਂ ਪ੍ਰਸਿਥਿਤੀਆਂ ਦੇ ਮੁਤਾਬਕ ਪੜਚੋਲ ਕੇ ਅਪਣਾ ਅਤੇ ਸਮਝ ਨਹੀਂ ਸਕੇ। ਸਾਮਰਾਜੀ ਪ੍ਰਕਿਰਿਆਂ ਨੂੰ ਡੂੰਘਿਆਂ ਤੌਰ ਤੇ ਨਾ ਸਮਝਣਾ ਹੀ ਸਾਡੇ ਲਈ ਵਿਨਾਸਕਾਰੀ ਸਾਬਤ ਹੋਇਆ ਹੈ। ਅਸੀਂ ਆਪਣੇ ਸਿਧਾਂਤਕ ਨੁਕਸਾਂ ਫਰਕਾਂ ਕਰਕੇ ਵੱਖ ਵੱਖ ਦੇਸ਼ਾਂ, ਖੇਤਰਾਂ 'ਚ ਕਾਮਯਾਬ ਨਹੀਂ ਹੋ ਸ਼ਕੇ। ਭਾਰਤ ਦਾ ਆਰਥਿਕ, ਰਾਜਸੀ, ਸਭਿਅਕ, ਸਮਾਜਿਕ ਹੋਂਦ ਦੇ ਅਸਲੀ ਭੇਤ, ਸਾਰੇ ਲੋਕ ਤਾਕਤ, ਹਾਕਮ ਜਮਾਤ ਨੂੰ ਅਸਲੀ ਰੂਪ ਨਹੀਂ ਬੁਝ ਸਕੇ। 1967 ਤੋਂ ਫੁੱਟ-ਟੁੱਟਾ ਦਾ ਦੌਰ ਸ਼ੁਰੂ ਹੋਇਆ ਹੈ। ਹਰ ਗਰੁੱਪ ਆਪਣੀ ਸਮਝ ਨੂੰ (Basic) ਬੁਨਿਆਦਿ ਤੌਰ ਤੇ ;ਸਹੀ ਸਮਝਦਾ ਹੈ। ਦੂਸਰੇ ਦੀ ਸਿਆਸਤ ਨੂੰ ਗਲਤ। ਹਜ਼ਾਰਾਂ ਵਾਰ ਫੁੱਟ ਪਾ ਕੇ, ਸੈਂਕੜਿਆਂ ਵਾਰ ਸਿਧਾਂਤ, ਅਮਲ ਬਦਲ ਕੇ ਸਾਡੇ ਸਾਥੀ ਆਪਦੇ ਆਪ ਨੂੰ ਦਰੁਸਤ ਲੀਹ ਦੇ ਅਲੰਬਰਦਾਰ ਆਖਦੇ ਹਨ। ਸਾਥੀਓ ਸਾਡੇ ਵਿਚ ਬਹੁਤ ਗੰਭੀਰ ਕਿਸਮ ਦੇ ਨੁਕਸ, ਉਣਤਾਈਆਂ, ਕਮਜ਼ੋਰੀਆਂ ਹਨ ਜੋ ਸਮਝਣੀਆਂ ਪੈਣਗੀਆਂ। ਅਸੀਂ ਬਹੁਤ ਤਕੜੇ ਪੜਚੋਲੀਏ ਹਾਂ ਪਰ ਅਸੀਂ ਸਵੈ ਪੜਚੋਲ ਕਦੇ ਨਹੀਂ ਕੀਤੀ। ਅਸੀਂ ਦੂਸਰੇ ਗਰੁੱਪ, ਵਿਅਕਤੀ ਦੀ ਅਲੋਚਨਾ ਬੜੀ ਜਲਦੀ ਕਰਦੇ ਹਾਂ। ਪਰ ਆਪ ਮੁੱਦਤਾਂ ਤੱਕ ਆਪਦੇ ਬਾਰੇ ਕਦੇ ਵੀ ਨਹੀਂ ਸੋਚਦੇ। ਹਰ ਵਿਚਾਰ ਤੇ ਅਸੀਂ ਭਰਵੀਂ ਨੁਕਤਾ-ਚੀਨੀ ਕਰਦੇ ਹਾਂ। ਪਰ ਅਸੀਂ ਆਪ ਕਿਹੜੇ ਨੁਕਤਿਆਂ ਤੋਂ ਥਿੜਕਦੇ ਹਾਂ, ਕਦੇ ਵੀ ਗੌਰ ਨਾਲ ਨਹੀਂ ਸੋਚਦੇ। ਅਸੀਂ ਦੂਸਰੇ ਦੀ ਨੀਤੀ ਨੂੰ ਕੱਚਘਰੜ, ਮੌਕਾ-ਪ੍ਰਸਤ, ਕੁਰਾਹਿਆਂ ਭਰੀ ਆਖ ਦਿੰਦੇ ਹਾਂ। ਪਰ ਆਪ ਦੀ ਸਮਝ ਤੇ ਉਂਗਲ ਵੀ ਨਹੀਂ ਧਰਨ ਦਿੰਦੇ। ਸੋ ਸਾਥੀਓ, ਅਸੀਂ ਪਿਛਲੇ ਇਤਿਹਾਸ ਤੇ ਜੇਕਰ ਝਾਤ ਮਾਰੀਏ ਤਾਂ ਅਸੀਂ ਕਮਜ਼ੋਰ ਹੋਏ ਹਾਂ। ਟੁੱਟੇ ਖਿੰਡੇ ਹਾਂ। ਅੱਜ ਲੋੜ ਹੈ ਸਾਮਰਾਜ ਭਾਰਤੀ ਹਾਕਮ ਅਤੇ ਪਿਛਾਂਹ ਖਿੱਚ ਹਾਕਮਾਂ ਖਿਲਾਫ ਲੜਨ ਦੀ। ਇਕ ਥੜੇ 'ਤੇ ਇਕੱਤਰ ਹੋਈਏ ਅਤੇ ਦਰੁਸਤ ਫਲਸਫਾ ਲੱਭੀਏ। ਕਿਸੇ ਦੇ ਗਲਤ ਠੀਕ ਹੋਣ ਦਾ ਤਾਂ ਅਮਲ ਰਾਹੀਂ ਹੀ ਨਖੇੜਾ ਹੋ ਸਕੇਗਾ। ਜਮਾਤੀ ਘੋਲ ਨੂੰ ਪ੍ਰਚੰਡ ਕਰਨ ਲਈ ਨਵੇਕਲਾ ਯਤਨ ਕਰੀਏ। ਪੰਜਾਬ ਪੱਧਰ ਤੇ ਕੀਤੀ ਏਕਤਾ ਦੀ ਕੋਸ਼ਿਸ਼ ਸਾਨੂੰ ਹਿੰਦੁਸਤਾਨ ਪੱਧਰ ਦੀ ਏਕਤਾ ਕਰਨ 'ਚ ਸਹਾਈ ਹੋਵੇਗੀ। ਇਸੇ ਤਰ੍ਹਾਂ ਅਸੀਂ ਅੰਤਰਰਾਸ਼ਟਰੀ ਪੱਧਰ ਤੇ ਇਕ ਦਰੁਸਤ ਪਲੇਟ ਫਾਰਮ ਉਸਾਰ ਸਕਦੇ ਹਾਂ। ਵੱਖ ਵੱਖ ਦੇਸ਼ਾਂ, ਖੇਤਰਾਂ ਦਾ ਭਰਵਾਂ ਵਿਸਲੇਸ਼ਣ ਅਤੇ ਡੂੰਘੀ ਜਾਣਕਾਰੀ ਦੀ ਲੋੜ ਹੈ। ਸਾਮਰਾਜ ਅਤੇ ਸਰਮਾਏਦਾਰੀ ਦੀਆਂ ਨਵੀਆਂ ਤਕਨੀਕਾਂ, ਨਵੇਂ ਤਜਰਬਿਆਂ, ਵਿਰੋਧਾਂ ਬਾਰੇ ਵੀ ਜਾਣਕਾਰੀ ਦੀ ਜ਼ਰੂਰਤ ਹੈ। ਕਿਸੇ ਦੇ ਵਿਚਾਰਾਂ ਨੂੰ ਸੁਣਨੇ ਤੋਂ ਘਬਰਾਉਣਾ ਨਹੀਂ ਚਾਹੀਦਾ। ਸਗੋਂ ਗਲਤ ਹੋਣ [illegible] ਦਲੀਲਾਂ ਅਤੇ ਤਰਕ ਨਾਲ ਗਲਤ ਵਿਚਾਰਾਂ ਨੂੰ ਰੱਦ ਕਰਨ ਦੀ ਜ਼ਰੂਰਤ ਹੁੰਦੀ ਹੈ। ਇਤਿਹਾਸ ਦੇ ਹੋਣੀ ਹੋਣਾਂ ਸਾਡੀ ਅਹਿਮ ਲੋੜ ਹੈ। ਵੱਖ ਵੱਖ ਖੇਤਰਾਂ 'ਚ ਸਰਗਰਮ ਜਦੋ ਜਹਿਦ ਦੀ ਜ਼ਰੂਰਤ ਹੈ। ਮਾਓ ਦੇ ਕਥਨ ਮੁਤਾਬਕ-ਸੌ ਫੁੱਲ ਖਿੜਨ ਦਿਉ। ਸੌ ਵਿਚਾਰ ਭਿੜਨ ਦਿਉ। ਆਉ ਮੰਜ਼ਲਾਂ ਨੂੰ ਪ੍ਰਾਪਤ ਕਰਨ ਲਈ ਏਕਤਾ ਲਈ ਯਤਨ ਕਰੀਏ। ਜੋ ਏਕਤਾ ਤੋਂ ਭੱਜਣ ਉਨ੍ਹਾਂ ਨੂੰ ਨਖੇੜੀਏ। ਸੋਚ ਨੂੰ ਵਿਸ਼ਾਲ ਬਣਾਈਏ। ਲੋਕਤਾ ਦੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਜਮ੍ਹੂਰੀ ਢਾਂਚਾ ਉਸਾਰਨ ਵੱਲ ਵਧੀਏ। ਸਭ ਨੂੰ ਲਾਲ ਸਲਾਮ।

ਏਕਤਾ ਦੇ ਚਾਹਵਾਨ

ਲਕਛਮੀ ਨਰਾਇਣ ਭੀਖੀ ਤੇ ਉਸਦੇ ਸਾਥੀ

**10.** ਸਤਿਕਾਰ ਯੋਗ ਗੁਰਸ਼ਰਨ ਭਾ-ਜੀ ਲਾਲ ਸਲਾਮ

ਆਪ ਜੀ ਦੇ ਪਰਚੇ 'ਸਮਤਾ' ਵਿਚੋਂ ਨਕਸਲਵਾੜੀ ਸਾਥੀਆਂ ਦੇ ਨਾਂ ਇਕ ਪਤ੍ਰ ਪੜ੍ਹਿਆ।

ਗੁਰਸ਼ਰਨ ਜੀ, ਮੈਂ 3-4 ਸਾਲ ਤੋਂ ਲਗਾਤਾਰ 'ਸੁਰਖ ਰੇਖਾ' ਅਤੇ 1-2 ਸਾਲ ਤੋਂ 'ਸਮਤਾ' ਪੜ੍ਹਦਾ ਆ ਰਿਹਾ ਹਾਂ। 'ਸੁਰਖ ਰੇਖਾ' ਦੇ ਦਲੀਲਾਂ ਭਰੇ ਸੰਪਾਦਕੀ ਦਾ ਮੈਂ ਹਮੇਸ਼ਾ ਹੀ ਕਾਇਲ ਹਾਂ, ਆਪ ਦੇ ਨਾਟਕ ਅਤੇ ਸੋਚ ਦਾ ਵੀ ਪ੍ਰਸ਼ੰਸਕ ਰਿਹਾ ਹਾਂ, ਪੰਜਾਬ ਦੀਆਂ ਮੌਜੂਦਾ ਹਾਲਤਾਂ ਅਨੁਸਾਰ ਜਦ ਕਿ ਫਿਰਕੂ ਜਨੂੰਨੀ ਕਾਮਰੇਡ ਸੁਖਰਾਜ ਖੱਦਰ, ਪਟਵਾਰੀ ਅਤੇ ਅਜੀਤ ਰਾਮ, ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਚੁਕੇ ਹਨ, ਤਾਂ ਮੈਂ ਇਹ ਸਮਝਦਾ ਹਾਂ ਕਿ ਇਨ੍ਹਾਂ ਹਾਲਤਾਂ ਵਿਚ ਸਾਡੇ ਸਭ ਦਾ ਇਕੱਠੇ ਹੋਣਾ ਜ਼ਰੂਰੀ ਹੈ, ਕਿਉਂਕਿ ਜਦ ਕਿ ਇਨ੍ਹਾਂ ਸਭ ਖੱਬੇ ਪੱਖੀ ਇਨਕਲਾਬੀਆਂ ਦਾ ਮਿਸ਼ਨ ਤਾਂ ਇਕੋ ਹੀ ਹੈ, ਪਰ ਆਪ ਇਹ ਸਾਰੇ ਵੱਖਰੇ ਵੱਖਰੇ ਗਰੁੱਪਾਂ ਵਿਚ ਬੈਠੇ ਹਨ ਤਾਂ ਇਹ ਖਿਲਰੇ ਹੋਏ ਜੋ ਕਾਜ 20 ਸਾਲ ਵਿਚ ਪੂਰਾ ਹੈ, ਅਗਰ ਇਹ ਸਾਰੇ ਗਰੁੱਪ ਇਕੱਠੇ ਹੋ ਜਾਂਦੇ ਤਾਂ ਮੇਰਾ ਵਿਚਾਰ ਹੈ ਕਿ ਇਹ ਕਾਜ 2 ਸਾਲ ਵਿਚ ਪੂਰਾ ਹੋ ਸਕਦਾ ਹੈ ਮਤਲਬ ਕਿ ਦੂਏ ਨਾਲੋਂ ਸਿਫਰ ਲੱਥ ਜਾਂਦਾ ਹੈ, ਪਰ ਇਹ ਤਾਂ ਹੀ ਹੋ ਸਕਦਾ ਹੈ ਅਸੀਂ ਸਾਰੇ ਇਕੱਠੇ ਹੋ ਜਾਈਏ, ਅੱਜ ਪੰਜਾਬ ਅਨੇਕਾਂ ਹੀ ਖੱਬੀ ਪੱਖੀ ਇਨਕਲਾਬੀ ਜਥੇਬੰਦੀਆਂ ਹਨ ਜਿਵੇਂ ਸੁਰਖ ਰੇਖਾ ਵਾਲੇ, ਜੈਕਾਰੇ ਵਾਲੇ, ਜਨਤਕ ਲੀਹ ਜਮਹੂਰੀ ਹੱਕ ਅਤੇ ਇਨ੍ਹਾਂ ਦੇ ਹਰ ਗਰੁੱਪ ਦੇ ਵੱਖਰੇ ਵੱਖਰੇ ਵਿੰਗ ਹਨ, ਜਿਵੇਂ ਕਿਸਾਨਾਂ ਦੀ ਜਥੇਬੰਦੀ, ਵਿਦਿਆਰਥੀਆਂ ਮਜ਼ਦੂਰਾਂ ਦੀ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਹਨ, ਜਦ ਇਹਨਾਂ ਸਾਰਿਆਂ ਦਾ ਇਕੱਠ ਹੋ ਜਾਵੇ ਤਾਂ ਫਿਰ ਇਹ ਸਾਰਾ ਇਕੱਠ ਲੋਹੇ ਦੀ ਲਠ ਬਣ ਸਕਦਾ ਏ, ਅੱਜ ਦੇ ਹਾਲਤਾਂ ਅਨੁਸਾਰ, ਭਾਵੇਂ ਕਾਂਗਰਸ ਹੋਵੇ ਜਾਂ ਭਾਰਤੀ ਜਨਤਾ ਜਾਂ ਜਨਤਾ ਪਾਰਟੀ, ਲੋਕਾਂ ਨੂੰ ਜਾਤਾਂ ਪਾਤਾਂ, ਇਲਾਕਿਆਂ ਅਤੇ ਮਜ਼ਬਾਂ ਵਿਚ ਵੰਡਣ ਦਾ ਹਰ ਹਰਬਾ ਵਰਤਦੀ ਹੈ ਤੇ ਅਮਰੀਕਾ ਪਾਕਿਸਤਾਨ ਬਲਦੀ ਤੇ ਤੇਲ ਪਾਉਂਦਾ ਹੈ ਅਤੇ ਕੁਝ ਕੁ ਭਟਕੇ ਹੋਏ ਲੋਕਾਂ ਨੂੰ ਖਰੀਦ ਕੇ ਆਪਣੇ ਹਿੱਤਾਂ ਖਾਤਰ ਵਰਤੇ ਹਨ, ਤਾਂ ਮੈਂ ਇਹ ਸਮਝਦਾ ਹਾਂ ਕਿ ਅਸੀਂ ਵੀ ਇਸ ਪਾਲਸੀ ਤੋਂ ਬਚੇ ਹੋਏ ਨਹੀਂ ਹਾਂ, ਅਸੀਂ ਤਾਂ ਇਸ ਪਾਲਸੀ ਨੂੰ ਤਦ ਹੀ ਫੇਲ੍ਹ ਕਰ ਸਕਦੇ ਹਾਂ ਅਗਰ ਅਸੀਂ ਸਾਰੇ ਇਕੱਠੇ ਹੋਈਏ ਕਿਉਂਕਿ ਬਹੁਤ ਲੋਕ ਜਾਤਾਂ ਪਾਤਾਂ, ਕੌਮਾਂ ਮਜ਼ਬਾਂ ਵਿਚ ਵੰਡੇ ਪਏ ਹਾਂ, ਅੱਜ ਜਦੋਂ ਮੈਂ ਇਨਕਲਾਬੀ ਵੀਰਾਂ ਦੀਆਂ ਲੋਕਾਂ ਖਾਤਰ ਕੁਰਬਾਨੀਆਂ ਬਾਰੇ ਪੜ੍ਹਦਾ ਹਾਂ ਤਾਂ ਇਹ ਸਾਰੇ ਘੋਲ ਲੋਕਾਂ ਲਈ ਹੀ ਲੜੇ ਗਏ ਹਨ, ਪਰ ਜਿੰਨੀ ਸਾਖ ਲੋਕਾਂ ਵਿਚ ਕਮਿਊਨਿਸਟ ਇਨਕਲਾਬੀਆਂ ਦੀ ਚਾਹੀਦੀ ਹੈ ਉਤਨੀ ਨਹੀਂ ਹੈ, ਮੈਂ ਉਸ ਦਾ ਮੁਖ ਕਾਰਨ ਇਹ ਹੀ ਸਮਝਦਾ ਹਾਂ ਕਿ ਆਪਣੀ ਸੋਚ ਲੋਕਾਂ ਤੱਕ ਪਹੁੰਚਾਣ ਲਈ ਨਾ ਤਾਂ ਯੋਗ ਸਾਧਨ ਹਨ ਅਤੇ ਇਸ ਸਭ ਕੁਝ ਲਈ ਸਾਡਾ ਇਕ ਰੋਜ਼ਾਨਾ ਪਰਚਾ ਵੀ ਜ਼ਰੂਰੀ ਹੈ, ਜਿਵੇਂ ਤੁਸੀਂ ਆਪਣੀ ਚਿੱਠੀ ਵਿਚ ਲਿਖਿਆ ਹੈ, ਰੋਜ਼ਾਨਾ ਪਰਚੇ ਨਾਲ ਸਾਡੀ ਸੋਚ ਲੋਕਾਂ ਤੱਕ ਪਹੁੰਚਣੀ ਅਸਾਨ ਹੈ ਅਤੇ ਰੋਜ਼ਾਨਾ ਲੋਕਾਂ ਨਾਲ ਵਿਚਾਰ ਸਾਂਝੇ ਹੋਣ ਨਾਲ ਸਾਡੀ ਸਾਖ ਵੀ ਮਜਬੂਤ ਹੋਵੇਗੀ। ਮੈਂ ਇਸ ਤੋਂ ਇਨਕਾਰੀ ਨਹੀਂ ਹੋ ਸਕਦਾ ਕਿ ਇਨ੍ਹਾਂ ਸਾਰੇ ਗਰੁੱਪਾਂ ਦੀ ਸੋਚ ਇਕ ਹੀ ਹੋਵੇ, ਹੋ ਸਕਦਾ ਹੈ ਮਤਭੇਦ ਹੋਣ, ਪਰ ਇਹ ਮਤਭੇਦ ਤਾਂ ਇਕੱਠੇ ਬੈਠ ਕੇ ਦਲੀਲ ਸਹਿਤ ਨਜਿੱਠੇ ਜਾ ਸਕਦੇ ਹਨ।

ਅੰਤ ਵਿਚ ਮੈਂ ਆਪਦੇ ਵਲੋਂ ਉਠਾਏ ਇਸ ਕਦਮ ਦੀ ਭਰਪੂਰ ਹਮਾਇਤ ਅਤੇ ਪ੍ਰਸ਼ੰਸਾ ਕਰਦਾ ਹਾਂ, ਸੋ ਆਸ ਕਰਦਾ ਹਾਂ ਕਿ 9 ਨਵੰਬਰ ਦਾ ਦਿਨ ਇਤਿਹਾਸ ਦੇ ਪੰਨਿਆਂ ਤੇ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਵਾਜਬ ਸਮਝੋ ਤਾਂ ਖਤ੍ਰ ਦਾ ਉਤਰ ਜ਼ਰੂਰ ਦੇਣਾ।

—ਸਤਪਾਲ ਨਰਾਲਾ

**11.** ਸਤਿਕਾਰਤ ਭਾਅ ਜੀ, ਨਾਲ ਸਲਾਮ! ਤੁਸਾਂ ਐਤਕੀਂ ਦੇ ਸਮਤਾ ਵਿਚ ਇਕ ਸਾਂਝਾ ਇਨਕਲਾਬੀ ਕੇਂਦਰ ਕਾਇਮ ਕਰਨ ਦੀ ਗੱਲ ਤੋਰੀ ਹੈ। ਸੱਚੀਓ ਹੀ ਤੁਸਾਂ ਪੰਜਾਬ ਦੇ ਸੁਹਿਰਦ ਤੇ ਈਮਾਨਦਾਰ ਕੇਂਦਰ ਪਰ ਆਪੋ ਵਿਚ ਸਿਰ ਫੋੜਦੀ ਗਰੁੱਪ ਸਿਆਸਤ ਤੋਂ ਨਿਰਾਸ਼ ਕੇਂਦਰ ਦੇ ਭਾਵਾਂ ਦੀ ਤਰਜਮਾਨੀ ਕੀਤੀ ਹੈ, ਜਿਸ ਦੀ ਚਿਰਾਂ ਤੋਂ ਲੋੜ ਮਹਿਸੂਸ ਕੀਤੀ ਜਾ ਰਹੀ ਸੀ।

ਪਰ ਕੀ ਗਰੁੱਪਾਂ 'ਚ ਵੰਡੀ ਇਨਕਲਾਬੀ ਧਿਰ ਇਧਰ ਕੰਮ ਕਰੇਗੀ? ਜਾਂ ਆਪੋ ਵਿਚ ਹੀ ਸਿਰ ਫੋੜਨ ਦੀ ਖੇਡ ਖੇਡੀ ਜਾਏਗੀ? ਤੇ ਕੀ ਇਹ ਏਕਤਾ ਜਿਹਨਾਂ ਮੰਤਵਾਂ ਨੂੰ ਲੈ ਕੇ ਕਰਨ ਦੀ ਗੱਲ ਤੁਰੀ ਹੈ ਰੂਪਮਾਨ ਕਰੇਗੀ? ਭਖਦੇ ਸੁਆਲ ਹਨ, ਜਿਨ੍ਹਾਂ ਤੇ ਸੰਜੀਦਗੀ ਨਾਲ ਵਿਚਾਰ ਚਰਚਾ ਛਿੜਨੀ ਚਾਹੀਦੀ ਹੈ।

ਸਾਡੀ ਇਸ ਗਰੁੱਪ ਸਿਆਸਤ ਨੇ ਸਾਡਾ ਕਾਫੀ ਨੁਕਸਾਨ ਕੀਤਾ ਹੈ। ਵੇਲਾ ਹੈ ਅਜੇ ਵੀ ਅਸੀਂ ਸੰਭਲੀਏ ਆਪਣੇ ਮਤ ਭੇਦ ਨਿਪਟਾ ਲਈਏ ਤੇ ਏਕਤਾ ਕੇਂਦਰ ਕਾਇਮ ਕਰ ਲਈਏ। ਨਹੀਂ ਤਾਂ ਇਕੱਲੇ ਇਕੱਲੇ ਕੁੱਟ ਖਾਈ ਜਾਵਾਂਗੇ।

ਉਮੀਦ ਹੈ ਇਨਕਲਾਬੀ ਧਿਰ ਜ਼ਰੂਰ ਇਧਰ ਕੰਮ ਕਰੇਗੀ ਤੇ ਤੁਹਾਡੀ ਪਹੁੰਚ ਦਾ ਸੁਹਿਰਦੀ ਭਰਿਆ ਹੁੰਗਾਰਾ ਭਰੇਗੀ।

—ਸੁਰਿੰਦਰ ਫਰੀਦਕੋਟ

Regd. with Registrar, News Paper vide No. MA/12397-D dated 18.4.80
Post Office No. P/AR—133

12. ਪਿਆਰੇ ਭਾਅ ਜੀ, ਸਮਤਾ ਤਕਰੀਬਨ ਦੋ ਤਿੰਨ ਸਾਲ ਤੋਂ ਪੜ੍ਹਦਾ ਆ ਰਿਹਾ ਹਾਂ। ਪਰ ਖੁੱਲ੍ਹੇ ਤੌਰ ਤੇ ਕਦੇ ਨਾਮ ਧਰੀਕ ਤੇ ਅਖੌਤੀ ਕਾਮਰੇਡਾਂ ਨਾਲ ਨਹੀਂ ਖੜਿਆ ਤੇ ਨਾ ਹੀ ਕਦੇ ਉਹਨਾਂ ਦੀ ਕਦੇ ਹਾਂ ਵਿਚ ਹਾਂ ਮਿਲਾਈ ਹੈ। ਅਜੇ ਕਿ ਉਹਨਾਂ ਦੀਆਂ ਕਈ ਗੱਲਾਂ ਨਾਲ ਸਹਿਮਤ ਵੀ ਹੁੰਦਾ ਹਾਂ। ਇਸ ਦਾ ਕਾਰਨ ਇਹ ਰਿਹਾ ਕਿ ਮੈਂ ਆਪਣੇ ਆਲੇ ਦੁਆਲੇ ਵਿਚ ਇਹਨਾਂ ਲੋਕਾਂ ਨੂੰ ਆਮ ਕਰਕੇ ਇਕ ਦੂਜੇ ਦੀਆਂ ਲੱਤਾਂ ਖਿੱਚਦੇ ਹੀ ਵੇਖਿਆ ਹੈ। ਕਦੇ ਕੰਵਲ ਦੀਆਂ ਤੇ ਕਦੇ ਹੋਰ ਕਿਸੇ ਦੀਆਂ (ਤੁਹਾਡੀ ਫਿਲਮ ਨਿਰਮਾਣ ਯੋਜਨਾ ਨੂੰ ਲੈ ਕੇ ਵੀ ਮੈਂ ਇਕ ਦੋ ਥਾਈਂ ਤੁਹਾਡੀ ਆਲੋਚਨਾ ਸੁਣੀ ਹੈ ਤੇ ਮੈਨੂੰ ਦੁਖ ਹੋਇਆ ਹੈ ਕਿ ਕੁਝ ਇਕ ਨਾ-ਮਾਤਰ ਰਿਜਿਡ ਸਿਧਾਤਾਂ ਵਾਸਤੇ ਇਕ ਆਦਮੀ ਦੀ ਬਹੁਤ ਵੱਡੀ ਦੇਣ ਨੂੰ ਅੱਖੋਂ ਪਰੇ ਕਰ ਦਿਤਾ ਜਾਂਦਾ ਹੈ। ਸੋ ਅਜਿਹੇ ਹੀ ਕੁਝ ਹੋਰ ਮਸਲਿਆਂ ਨੂੰ ਲੈ ਕੇ ਮੈਂ ਹੇਠਲੇ ਕੇਡਰ ਨਾਲ ਬਹੁਤ ਔਖਾ ਹੁੰਦਾ ਹੈ।

ਇਸ ਵਾਰ ਸਮਤਾ ਵਿਚ ਤੁਹਾਡੇ ਵਲੋਂ ਇਕ ਵਿਸ਼ਾਲ ਲੇਖ ਰਾਹੀਂ ਮੇਰੇ ਹੀ ਇਹਨਾਂ ਕਿੰਤੂਆਂ ਨੂੰ ਜ਼ੁਬਾਨ ਮਿਲੀ ਹੈ। ਤੁਹਾਡੇ ਵਲੋਂ ਉਠਾਏ ਗਏ ਨੁਕਤੇ ਹੀ ਮੇਰੇ ਦਿਮਾਗ ਵਿਚ ਵੀ ਆਉਂਦੇ ਰਹੇ ਹਨ ਪਰ ਉਹਨਾਂ ਦੇ ਜੁਆਬ ਫੋਕੀ ਸ਼ਬਦੀ ਗੁੰਝਲਬਾਜ਼ੀ ਤੇ ਕੋਈ ਨਹੀਂ ਸੀ ਦਿੰਦਾ। ਸੋ ਤੁਸੀਂ ਇਸ ਵਾਸਤੇ ਵਧਾਈ ਦੇ ਪਾਤਰ ਹੋ ਕਿ ਤੁਸਾਂ ਕੁਝ ਖੱਬੇ ਪੱਖੀ ਜਥੇਬੰਦੀਆਂ ਨੂੰ ਇਕ ਮੰਚ ਤੋਂ ਆਪਣਾ ਸੰਦੇਸ਼ ਦੇਣ ਲਈ ਅਪੀਲ ਕੀਤੀ ਹੈ ਤਾਂ ਕਿ ਲੋਕ ਹਿਤੂ ਲਹਿਰਾਂ ਦੀ ਕੋਈ out put ਮਾਪੀ ਜਾ ਸਕੇ। ਧੰਨਵਾਦ —ਇਕ ਪਾਠਕ

o

**ਇਨਕਲਾਬੀ ਕੇਂਦਰ ਪੰਜਾਬ ਦੀ ਰੂਪ ਰੇਖਾ ਕੀ ਹੋਵੇ, ਇਹਦੇ ਬਾਰੇ ਠੋਸ ਸੁਝਾਵਾਂ ਦੀ ਮੰਗ ਕੀਤੀ ਜਾਂਦੀ ਹੈ, ਜੋ ਅਗਲੀ ਸਮਤਾ ਵਿਚ ਦਿੱਤੇ ਜਾਣਗੇ।**

---

## ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ 13 ਸਤੰਬਰ ਰਾਤ 8 ਵਜੇ ਪੰਜਾਬੀ ਭਵਨ ਲੁਧਿਆਣਾ ਵਿਚ ਸਾਰੀ ਰਾਤ ਦਾ ਨਾਟਕਾਂ, ਗੀਤਾਂ, ਐਕਸ਼ਨ ਗੀਤਾਂ ਅਤੇ ਕਵਿਤਾਵਾਂ ਦਾ ਪ੍ਰੋਗਰਾਮ

**ਮੰਚ ਦੀਆਂ ਸੱਤ ਟੀਮਾਂ ਵਲੋਂ ਨਾਟਕ ਪੇਸ਼ ਕੀਤੇ ਜਾਣਗੇ।**

- o ਧਮਕ ਨਗਾਰੇ ਦੀ
- o ਰਿਸ਼ਤਿਆਂ ਦਾ ਕੀ ਰੱਖੀਏ ਨਾਂ
- o ਰਾਤ ਦੇ ਹਨੇਰੇ ਵਿਚ
- o ਕਰਫਿਊ
- o ਅੱਗ ਦਾ ਦਰਿਆ
- o ਇਕਵੀਂ ਸਦੀ
- o ਪੱਗੜੀ ਸੰਭਾਲ ਜੱਟਾ
- o ਅੰਨ੍ਹੇ ਕਾਣੇ
- o ਚੰਡੀਗੜ੍ਹ ਪੁਆੜੇ ਦੀ ਜੜ੍ਹ
- o ਸਿਉਂਕ
- o ਹਾੜੀਆਂ ਸਉਣੀਆਂ (ਜੁਗਿੰਦਰ ਬਾਹਰਲਾ ਦਾ ਪ੍ਰਸਿੱਧ ਓਪਰੇਟਾ

**ਸਾਰਿਆਂ ਨੂੰ ਪਰਵਾਰ ਸਮੇਤ ਆਉਣ ਲਈ ਖੁਲ੍ਹਾ ਸੱਦਾ ਹੈ। ਇਹ ਪ੍ਰੋਗਰਾਮ ਪੰਜਾਬ ਦੇ ਸਭਿਆਚਾਰਕ ਇਤਿਹਾਸ ਵਿਚ ਜ਼ਰੂਰ ਹੀ ਇਕ ਮੀਲ ਪੱਥਰ ਹੋਵੇਗਾ।**

**ਸਬਜਿੰਦਰ ਕੇਦਾਰ**
ਜਨਰਲ ਸਕੱਤਰ

**ਗੁਰਸ਼ਰਨ ਸਿੰਘ**
ਪ੍ਰਧਾਨ ਪਲਸ ਮੰਚ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਨਿੰਦਰ ਗਿੱਲ ਦਾ ਨਾਵਲ
**ਪੰਜਾਬ–84** ਸਫੇ 400 ਮੁੱਲ 15 ਰੁਪਏ